**ਸੂਚਨਾ**

ਸਮੂਹ ਪਾਠਕਾਂ, ਏਜੰਟ ਸਾਹਿਬਾਨ ਅਤੇ ਇਸ਼ਤਿਹਾਰੀ ਏਜੰਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੋਜ਼ਾਨਾ 'ਆਜ਼ਾਦ ਸੋਚ' ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਕੋਰਟ ਨੋਟਿਸਾਂ ਨੂੰ ਪ੍ਰਕਾਸ਼ਿਤ ਕਰਨ ਲਈ ਪੰਜਾਬ ਦੇ ਨਾਲ ਨਾਲ ਹੁਣ ਹਰਿਆਣਾ ਸੂਬੇ ਦੀਆਂ ਅਦਾਲਤਾਂ ਲਈ ਵੀ ਮਾਨਤਾ ਪ੍ਰਾਪਤ ਹੋ ਚੁੱਕਿਆ ਹੈ। ਹਰਿਆਣਾ ਸੂਬੇ ਦੀਆਂ ਅਦਾਲਤਾਂ ਵਿਚੋਂ ਜਾਰੀ ਕੋਰਟ ਨੋਟਿਸ ਪ੍ਰਕਾਸ਼ਿਤ ਕਰਵਾਉਣ ਲਈ ਸਾਡੇ ਹੇਠ ਲਿਖੇ ਪ੍ਰਤੀਨਿੱਧ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਰਾਕੇਸ਼ ਗੋਇਲ (ਇਸ਼ਤਿਹਾਰ ਮੈਨੇਜਰ)**
**ਮੋ: 86995-69067**



ਹਰ ਖ਼ਬਰ ਤੱਕ ਪਹੁੰਚ, ਪੜ੍ਹੋ ਰੋਜ਼ਾਨਾ ਆਜ਼ਾਦ ਸੋਚ

# ਆਜ਼ਾਦ ਸੋਚ ™

www.facebook.com/Azadsoch | www.youtube.com/AzadSoch

ਸੰਗਰੂਰ ਤੋਂ ਪ੍ਰਕਾਸ਼ਿਤ

Postal No. PB/PTA/ (055) 2023-25
R.N.I N O. 61549/92
Website :
www.azadsoch.in
Mail Us at :
azadsoach92@gmail.com
(ਕੇਵਲ ਖ਼ਬਰਾਂ ਲਈ)
azadsochadvt@gmail.com
(ਕੇਵਲ ਇਸ਼ਤਿਹਾਰਾਂ ਲਈ)

ਸਾਲ (Year) 33 | ਅੰਕ (Vol. ) 249 | ਮੁੱਲ (Rate ) 2.00 ਰੁਪਏ | Saturday 14 September , 2024 | ਸ਼ਨੀਵਾਰ 14 ਸਤੰਬਰ , 2024

ਮੁੱਖ ਸੰਪਾਦਕ : ਸੁਰਿੰਦਰ ਕੁਮਾਰ 93566-05100, ਅਨਿਲ ਕੁਮਾਰ ਗਰਗ : 9317755000 ਡਾਕ ਪਤਾ : ਸਾਹਮਣੇ ਸਰਕਾਰੀ ਹਾਈ ਸਕੂਲ ਪਟਿਆਲਾ ਕੈਂਟ, ਨੇੜੇ 24 ਨੰ: ਫਾਟਕ ,ਧਾਮੋ ਮਾਜਰਾ ਰੋਡ ਪਟਿਆਲਾ


## ਜੇਲ੍ਹ ਤੋਂ ਬਾਹਰ ਆਏ ਕੇਜਰੀਵਾਲ, ਬੋਲੇ- ਰੱਬ ਦਾ ਬਹੁਤ ਬਹੁਤ ਧੰਨਵਾਦ, ਮੇਰੇ ਖ਼ੂਨ ਦੀ ਹਰ ਬੂੰਦ ਦੇਸ਼ ਲਈ



**ਆਜ਼ਾਦ ਸੋਚ ਬਿਊਰੋ**
**ਨਵੀਂ ਦਿੱਲੀ, 13 ਸਤੰਬਰ**

ਦਿੱਲੀ ਦੀ ਇਕ ਅਦਾਲਤ ਨੇ ਆਬਕਾਰੀ ਨੀਤੀ ਨਾਲ ਜੁੜੇ ਕਥਿਤ ਘੁਟਾਲਾ ਮਾਮਲੇ ਵਿੱਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅੱਜ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲਣ ਤੋਂ ਬਾਅਦ ਕੇਜਰੀਵਾਲ ਦੀ ਰਿਹਾਈ ਦੇ ਹੁਕਮ ਜਾਰੀ ਕੀਤੇ। ਵਿਸ਼ੇਸ਼ ਜੱਜ ਰਾਕੇਸ਼ ਸਿਆਲ ਨੇ ਕੇਜਰੀਵਾਲ ਦੇ ਵਕੀਲਾਂ ਵੱਲੋਂ ਅਦਾਲਤ ਕੋਲ 10 ਲੱਖ ਰੁਪਏ ਦਾ ਜ਼ਮਾਨਤੀ ਬਾਂਡ ਤੇ ਐਨੀ ਹੀ ਰਾਸ਼ੀ ਦੀਆਂ ਦੋ ਜ਼ਮਾਨਤਾਂ ਦਾਖ਼ਲ ਕੀਤੇ ਜਾਣ ਤੋਂ ਬਾਅਦ ਇਹ ਹੁਕਮ ਜਾਰੀ ਕੀਤਾ। ਅਦਾਲਤ ਨੇ ਬਚਾਅ ਪੱਖ ਦੇ ਵਕੀਲਾਂ ਦੀ ਉਸ ਅਪੀਲ ਨੂੰ ਵੀ ਸਵੀਕਾਰ ਕਰ ਲਿਆ ਕਿ ਕੇਜਰੀਵਾਲ ਦੀ ਜਲਦੀ ਰਿਹਾਈ ਲਈ ਵਿਸ਼ੇਸ਼ ਕਰਮਚਾਰੀ ਰਾਹੀਂ ਰਿਹਾਈ ਦਾ ਆਦੇਸ਼ ਭੇਜਿਆ ਜਾਵੇ।

ਇਸਤੋਂ ਬਾਅਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤਿਹਾੜ ਤੋਂ ਬਾਹਰ ਆ ਗਏ। ਉਨ੍ਹਾਂ ਬਾਹਰ ਆਉਂਦੇ ਹੀ ਸਮਰਥਕਾਂ ਨੂੰ ਸੰਬੋਧਨ ਕੀਤਾ। ਉਸ ਨੇ ਰੱਬ ਦਾ ਬਹੁਤ ਧੰਨਵਾਦ ਕਿਹਾ। ਮੇਰੇ ਖ਼ੂਨ ਦੀ ਹਰ ਬੂੰਦ ਦੇਸ਼ ਨੂੰ ਸਮਰਪਿਤ ਹੈ।

ਉਨ੍ਹਾਂ ਕਿਹਾ ਕਿ ਅੱਜ ਮੈਂ ਸਾਰਿਆਂ ਦੇ ਆਸ਼ੀਰਵਾਦ ਸਦਕਾ ਬਾਹਰ ਆਇਆ ਹਾਂ। ਰੱਬ ਨੇ ਮੈਨੂੰ ਤਾਕਤ ਦਿੱਤੀ ਹੈ। ਮੈਂ ਇਨ੍ਹਾਂ ਦੇਸ਼ ਵਿਰੋਧੀ ਤਾਕਤਾਂ ਨਾਲ ਲੜਦਾ ਰਹਾਂਗਾ। ਉਨ੍ਹਾਂ ਕਿਹਾ ਕਿ ਜੇਲ੍ਹ ਦੀਆਂ ਸਲਾਖਾਂ ਵੀ ਮੈਨੂੰ ਕਮਜ਼ੋਰ ਨਹੀਂ ਕਰ ਸਕੀਆਂ। ਉਸਨੇ ਕਿਹਾ ਕਿ ਮੈਂ ਸਹੀ ਸੀ, ਇਸ ਲਈ ਰੱਬ ਨੇ ਮੇਰਾ ਸਾਥ ਦਿੱਤਾ। ਇਸ ਕਾਰਨ ਮੇਰੀ ਤਾਕਤ 100 ਗੁਣਾ ਵੱਧ ਗਈ ਹੈ।

**ਪਤਨੀ ਸੁਨੀਤਾ ਜੇਲ੍ਹ ਦੇ ਬਾਹਰ ਮੌਜੂਦ ਰਹੀ** :ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਦੇ ਦਿੱਤੀ ਸੀ। ਇਸ ਨਾਲ ਉਸ ਦੇ ਜੇਲ੍ਹ ਤੋਂ ਬਾਹਰ ਆਉਣ ਦਾ ਰਸਤਾ ਵੀ ਸਾਫ਼ ਹੋ ਗਿਆ ਹੈ। ਜਾਣਕਾਰੀ ਮੁਤਾਬਕ ਗੇਟ ਨੰਬਰ 3 ਤੋਂ ਕੇਜਰੀਵਾਲ ਦੇ ਬਾਹਰ ਆਉਣ ਦੀ ਖ਼ਬਰ ਸੀ। ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਵੀ ਤਿਹਾੜ ਪਹੁੰਚੀ ਸੀ। ਕੇਜਰੀਵਾਲ ਦਾ ਸਵਾਗਤ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, 'ਆਪ' ਨੇਤਾ ਮਨੀਸ਼ ਸਿਸੋਦੀਆ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਮੌਜੂਦ ਸਨ।

## ਕੇਜਰੀਵਾਲ ਦੀ ਜ਼ਮਾਨਤ, ਲੋਕਤੰਤਰ ਦੀ ਜਿੱਤ: ਜੌੜਾਮਾਜਰਾ

ਚੰਡੀਗੜ੍ਹ, 13 ਸਤੰਬਰ (ਆਜ਼ਾਦ ਸੋਚ ਬਿਊਰੋ): ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਦੇਣ ਸਬੰਧੀ ਸੁਪਰੀਮ ਕੋਰਟ ਦੇ ਫੈਸਲੇ ਦੀ ਸ਼ਲਾਘਾ ਕਰਦਿਆਂ ਇਸ ਨੂੰ ਜਮਹੂਰੀ ਕਦਰਾਂ-ਕੀਮਤਾਂ ਦੀ ਅਹਿਮ ਜਿੱਤ ਦੱਸਿਆ ਹੈ।

ਸ. ਚੇਤਨ ਸਿੰਘ ਜੌੜਾਮਾਜਰਾ ਨੇ ਪਾਰਟੀ ਮੈਂਬਰਾਂ ਨਾਲ ਸ੍ਰੀ ਅਰਵਿੰਦ ਕੇਜਰੀਵਾਲ ਦੀ ਰਿਹਾਈ ਦਾ ਜਸ਼ਨ ਮਨਾਉਂਦਿਆਂ ਕਿਹਾ ਕਿ ਸ੍ਰੀ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਦੇਣ ਦੇ ਫੈਸਲੇ ਨੇ ਤਾਨਾਸ਼ਾਹੀ ਤਾਕਤਾਂ ਨੂੰ ਸੱਚਾਈ ਅਤੇ ਇਮਾਨਦਾਰੀ ਦੀ ਤਾਕਤ ਅੱਗੇ ਝੁਕਣ ਲਈ ਮਜਬੂਰ ਕਰ ਦਿੱਤਾ ਹੈ।



ਸ. ਜੌੜਾਮਾਜਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਸ਼ੁਰੂ ਤੋਂ ਹੀ ਇਸ ਗੱਲ 'ਤੇ ਕਾਇਮ ਹੈ ਕਿ ਸ੍ਰੀ ਕੇਜਰੀਵਾਲ ਖਿਲਾਫ਼ ਕੇਸ ਬੇਬੁਨਿਆਦ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪਹਿਲਾਂ ਹੀ ਕਿਹਾ ਸੀ ਕਿ ਇਹ ਪੂਰਾ ਮਾਮਲਾ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਝੂਠ ਦੇ ਆਧਾਰ 'ਤੇ ਬਣਾਇਆ ਗਿਆ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸ੍ਰੀ ਕੇਜਰੀਵਾਲ ਅਤੇ 'ਆਪ' ਦੀ ਸਾਖ ਨੂੰ ਢਾਹ ਲਾਉਣ ਲਈ ਝੂਠ ਦੀ ਬੁਨਿਆਦ 'ਤੇ ਮਾਮਲੇ ਬਣਾਏ। ਸ. ਜੌੜਾਮਾਜਰਾ ਨੇ ਕਿਹਾ ਕਿ ਜ਼ਮਾਨਤ ਦੇ ਫੈਸਲੇ ਨੇ ਅੱਜ ਮੋਦੀ ਅਤੇ ਜਾਂਚ ਏਜੰਸੀਆਂ ਦੇ ਝੂਠ ਦਾ ਪਰਦਾਫਾਸ਼ ਕਰ ਦਿੱਤਾ ਹੈ।

ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਸ. ਜੌੜਾਮਾਜਰਾ ਨੇ ਸਿਆਸੀ ਵਿਰੋਧੀਆਂ ਨੂੰ ਦਬਾਉਣ ਲਈ ਕਾਨੂੰਨ ਲਾਗੂਕਰਨ ਏਜੰਸੀਆਂ ਦੀ ਦੁਰਵਰਤੋਂ ਕਰਨ ਲਈ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਦੀ ਕਰੜੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਅਦਾਲਤ ਦਾ ਇਹ ਫੈਸਲਾ ਭਾਜਪਾ ਲਈ ਫਟਕਾਰ ਹੈ ਅਤੇ ਇਸ ਫੈਸਲੇ ਨਾਲ ਇਹ ਸੰਦੇਸ਼ ਗਿਆ ਹੈ ਕਿ ਦੇਸ਼ ਵਿੱਚ ਸੰਵਿਧਾਨ ਹੀ ਸਰਬਉੱਚ ਹੈ, ਨਾ ਕਿ ਕੋਈ ਤਾਨਾਸ਼ਾਹ।ਕੈਬਨਿਟ ਮੰਤਰੀ ਨੇ ਕਿਹਾ ਕਿ ਭਾਜਪਾ ਨੂੰ ਆਪਣੀਆਂ ਵਿਰੋਧੀ ਸਿਆਸੀ ਧਿਰਾਂ ਖਿਲਾਫ਼ ਅਪਣਾਈਆਂ ਦਮਨਕਾਰੀ ਨੀਤੀਆਂ ਦੇ ਨਤੀਜੇ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਜਦੋਂ ਤਾਨਾਸ਼ਾਹੀ ਚਾਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਸਾਡਾ ਸੰਵਿਧਾਨ ਆਮ ਨਾਗਰਿਕਾਂ ਦੇ ਅਧਿਕਾਰਾਂ ਦੀ ਰਾਖੀ ਲਈ ਡਟ ਕੇ ਖੜ੍ਹਦਾ ਹੈ।

## 450 ਸਾਲਾ ਸ਼ਤਾਬਦੀ ਸਬੰਧੀ ਸੁਰਸਿੰਘ ਤੋਂ ਸ੍ਰੀ ਗੋਇੰਦਵਾਲ ਸਾਹਿਬ ਤੱਕ ਸਜਾਇਆ ਨਗਰ ਕੀਰਤਨ

**ਆਜ਼ਾਦ ਸੋਚ**
**ਸੁਖਰਾਜ ਸਿੰਘ/ਨਵੀਂ ਦਿੱਲੀ, 13 ਸਤੰਬਰ**

ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤਿ ਦਿਹਾੜੇ ਦੀ 450 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਦਲ ਬਾਬਾ ਬਿਧੀ ਚੰਦ ਦੇ ਮੁੱਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਵੱਲੋਂ ਸ਼ ?ਰੋਮਣੀ ਕਮੇਟੀ ਦੇ ਸਹਿਯੋਗ ਨਾਲ ਇਕ ਵਿਸ਼ਾਲ ਨਗਰ ਕੀਰਤਨ ਸੁਰਸਿੰਘ ਤੋਂ ਸ੍ਰੀ ਗੋਇੰਦਵਾਲ ਸਾਹਿਬ ਤੱਕ ਸਜਾਇਆ ਗਿਆ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ



ਖ਼ਾਲਸਈ ਜਾਹੋ-ਜਲਾਲ ਨਾਲ ਸਜਾਏ ਗਏ ਇਸ ਨਗਰ ਕੀਰਤਨ ਦੌਰਾਨ ਵੱਡੀ ਗਿਣਤੀ ਵਿਚ ਸੰਗਤ ਨੇ ਸ਼ਮੂਲੀਅਤ ਕੀਤੀ ਅਤੇ ਗਤਕਾ ਪਾਰਟੀਆਂ ਵੱਲੋਂ ਜੰਗਜੂ ਕਲਾ ਦੇ ਜੌਹਰ ਦਿਖਾਏ ਗਏ। ਨਗਰ ਕੀਰਤਨ ਦੌਰਾਨ ਹਾਥੀ, ਘੋੜੇ ਵੱਡੀ ਗਿਣਤੀ ਵਿਚ ਸ਼ਾਮਲ ਸਨ।ਆਰੰਭਤਾ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼ ?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ, ਸ਼ ?ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਸਾਬਕਾ ਪ੍ਰਧਾਨ ਸ. ਅਲਵਿੰਦਰਪਾਲ ਸਿੰਘ ਪੱਖੋਕੇ, ਮੈਂਬਰ ਸ. ਸੁਰਜੀਤ ਸਿੰਘ ਭਿੱਟੇਵੱਡ, ਭਾਈ ਅਜਾਇਬ ਸਿੰਘ ਅਭਿਆਸੀ, ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਬਾਬਾ ਜੋਗਾ ਸਿੰਘ ਮੁੱਖੀ ਤਰਨਾ ਦਲ ਬਾਬਾ ਬਕਾਲਾ, ਬਾਬਾ ਅਵਤਾਰ ਸਿੰਘ ਧੱਤਲ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸਾਬਕਾ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ ਆਦਿ ਮੌਜੂਦ ਸਨ।ਇਸ ਮੌਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸ਼ਤਾਬਦੀ ਦੇ ਸਬੰਧ ਵਿਚ ਵੱਖ-ਵੱਖ ਥਾਵਾਂ 'ਤੇ ਆਯੋਜਤ ਕੀਤੇ ਜਾ ਰਹੇ ਸਮਾਗਮ ਸਿੱਖੀ ਦੀ ਚੜ੍ਹਦੀਕਲਾ ਦਾ ਪ੍ਰਗਟਾਵਾ ਹਨ।ਸ਼ ?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਾਡੇ ਜੀਵਨ ਕਾਲ 'ਚ ਗੁਰੂ ਸਾਹਿਬਾਨ ਨਾਲ ਸਬੰਧਤ ਸ਼ਤਾਬਦੀ ਦਿਹਾੜੇ ਆਉਣੇ ਸਾਡੀ ਖ਼ੁਸ਼ਕਿਸਮਤੀ ਹੈ। ਉਨ੍ਹਾਂ ਸੰਗਤ ਨੂੰ ਸ਼ਤਾਬਦੀ ਦੇ ਸਮਾਗਮਾਂ ਵਿਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਪ੍ਰੇਮ ਸਿੰਘ, ਬਾਬਾ ਚਰਨਜੀਤ ਸਿੰਘ, ਬਾਬਾ ਸੁਰਜੀਤ ਸਿੰਘ ਕੈਰੋਂ, ਬਾਬਾ ਬਲਵਿੰਦਰ ਸਿੰਘ, ਬਾਬਾ ਅਵਤਾਰ ਸਿੰਘ ਭੈਲ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ, ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ, ਬਾਬਾ ਨਾਹਰ ਸਿੰਘ ਸਾਧ ਜੀ, ਬਾਬਾ ਨੰਦ ਸਿੰਘ, ਬਾਬਾ ਨਿਹਾਲ ਸਿੰਘ, ਪ੍ਰਚਾਰਕ ਭਾਈ ਗੁਰਬਚਨ ਸਿੰਘ ਕਲਸੀਆ, ਭਾਈ ਹੀਰਾ ਸਿੰਘ ਮਨਿਹਾਲਾ, ਭਾਈ ਦਿਲਬਾਗ ਸਿੰਘ ਸਭਰਾ ਆਦਿ ਮੌਜੂਦ ਸਨ।

## ਕੇਜਰੀਵਾਲ ਦੀ ਜ਼ਮਾਨਤ ਸੱਚ ਅਤੇ ਨਿਆਂ ਦਾ ਪ੍ਰਮਾਣ: ਕੁਲਤਾਰ ਸਿੰਘ ਸੰਧਵਾਂ

**ਆਜ਼ਾਦ ਸੋਚ ਬਿਊਰੋ**
**ਚੰਡੀਗੜ੍ਹ, 13 ਸਤੰਬਰ**

ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਦੇਣ ਦੇ ਸੁਪਰੀਮ ਕੋਰਟ ਦੇ ਫੈਸਲੇ ਦੀ ਸ਼ਲਾਘਾ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਇਹ ਫੈਸਲਾ ਸੱਚ ਅਤੇ ਇਨਸਾਫ ਦਾ ਸਬੂਤ ਹੈ।



ਸ. ਸੰਧਵਾਂ ਨੇ ਕਿਹਾ, "ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਦੇਣ ਦੇ ਸੁਪਰੀਮ ਕੋਰਟ ਦੇ ਫੈਸਲੇ ਨੇ ਸਾਡੇ ਸਟੈਂਡ ਨੂੰ ਸਹੀ ਸਾਬਤ ਕਰ ਦਿੱਤਾ ਹੈ ਕਿ ਉਨ੍ਹਾਂ ਦੇ ਖਿਲਾਫ ਮਾਮਲਾ ਸਿਆਸੀ ਤੌਰ 'ਤੇ ਪ੍ਰੇਰਿਤ ਅਤੇ ਝੂਠ 'ਤੇ ਬਣਾਇਆ ਗਿਆ ਸੀ।"

ਸਪੀਕਰ ਨੇ ਇਸ ਜਿੱਤ ਤੇ ਕੇਜਰੀਵਾਲ ਅਤੇ 'ਆਪ ਨੂੰ ਵਧਾਈ ਦਿੰਦੇ ਹੋਏ ਕਿਹਾ, "ਸੱਚ ਦੀ ਜਿੱਤ ਹੋਈ ਹੈ ਅਤੇ ਨਿਆਂ ਦਿੱਤਾ ਗਿਆ ਹੈ। ਇਹ ਫੈਸਲਾ ਸਾਡੇ ਦੇਸ਼ ਵਿੱਚ ਲੋਕਤੰਤਰੀ ਸੰਸਥਾਵਾਂ ਦੀ ਲਚਕੀਲੇਪਣ ਦਾ ਪ੍ਰਮਾਣ ਹੈ।

ਸ. ਸੰਧਵਾਂ ਨੇ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਦੁਰਵਰਤੋਂ ਕਰਨ ਲਈ ਕੇਂਦਰ ਸਰਕਾਰ ਦੀ ਵੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ, "ਇਸ ਫੈਸਲੇ ਨੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਝੂਠੇ ਕੇਸਾਂ ਅਤੇ ਪ੍ਰੇਸ਼ਾਨੀਆਂ ਰਾਹੀਂ ਸਿਆਸੀ ਵਿਰੋਧ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਦਾ ਪਰਦਾਫਾਸ਼ ਕੀਤਾ ਹੈ।

ਸਪੀਕਰ ਨੇ ਭਰੋਸਾ ਪ੍ਰਗਟਾਇਆ ਕਿ ਇਸ ਫੈਸਲੇ ਨਾਲ ਭ੍ਰਿਸ਼ਟਾਚਾਰ ਅਤੇ ਤਾਨਾਸ਼ਾਹੀ ਵਿਰੁੱਧ ਲੜ ਰਹੇ 'ਆਪ' ਵਰਕਰਾਂ ਅਤੇ ਆਗੂਆਂ ਦਾ ਮਨੋਬਲ ਉੱਚਾ ਹੋਵੇਗਾ ਅਤੇ ਅਸੀਂ ਸੱਚ, ਨਿਆਂ ਅਤੇ ਲੋਕਤੰਤਰ ਲਈ ਡਟੇ ਰਹਾਂਗੇ।

## ਪੰਜਾਬ ਪੁਲਿਸ ਦੀ ਏ.ਐਨ.ਟੀ.ਐਫ. ਨੇ ਨਸ਼ਾ ਤਸਕਰੀ ਮਾਮਲੇ ਵਿੱਚ ਡਰੱਗ ਇੰਸਪੈਕਟਰ ਸ਼ੀਸ਼ਾਨ ਮਿੱਤਲ ਨੂੰ ਕੀਤਾ ਗ੍ਰਿਫ਼ਤਾਰ

**• ਪੰਜਾਬ ਪੁਲਿਸ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਚਨਬੱਧ • ਗ੍ਰਿਫ਼ਤਾਰ ਡਰੱਗ ਇੰਸਪੈਕਟਰ ਜੇਲ੍ਹ 'ਚ ਬੰਦ ਨਸ਼ਾ ਤਸਕਰਾਂ ਦੀ ਬਾਹਰੋਂ ਉਨ੍ਹਾਂ ਦੇ ਡਰੱਗ ਨੈੱਟਵਰਕ ਨੂੰ ਚਲਾਉਣ ਵਿੱਚ ਕਰਦਾ ਸੀ ਮਦਦ: ਡੀਜੀਪੀ ਗੌਰਵ ਯਾਦਵ**

**ਆਜ਼ਾਦ ਸੋਚ ਬਿਊਰੋ**
**ਚੰਡੀਗੜ੍ਹ, 13 ਸਤੰਬਰ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਵਿੱਢੀ ਜੰਗ ਦੌਰਾਨ ਪੰਜਾਬ ਪੁਲਿਸ ਦੀ ਐਂਟੀ ਨਾਰਕੋਟਿਕਸ ਟਾਸਕ ਫੋਰਸ (ਏ.ਐਨ.ਟੀ.ਐਫ.) ਨੇ ਡਰੱਗ ਇੰਸਪੈਕਟਰ ਸ਼ੀਸ਼ਾਨ ਮਿੱਤਲ ਨੂੰ ਗੈਰ-ਕਾਨੂੰਨੀ ਦਵਾਈਆਂ, ਮੈਡੀਕਲ ਸਟੋਰਾਂ ਨਾਲ ਜੁੜੀਆਂ ਨਸ਼ਾ ਤਸਕਰੀ ਸਬੰਧੀ ਗਤੀਵਿਧੀਆਂ 'ਚ ਮਦਦ ਕਰਨ ਅਤੇ ਮਨੀ ਲਾਂਡਰਿੰਗ ਦੀ ਰਕਮ ਨੂੰ ਆਪਣੇ ਰਿਸ਼ਤੇਦਾਰਾਂ ਦੇ ਨਾਮ 'ਤੇ ਬੇਨਾਮੀ ਖਾਤਿਆਂ ਵਿੱਚ ਰੱਖਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਇਹ ਸਫ਼ਲਤਾ ਪੰਜਾਬ ਪੁਲਿਸ ਵੱਲੋਂ ਦੋਸ਼ੀ ਡਰੱਗ ਇੰਸਪੈਕਟਰ ਨਾਲ ਸਬੰਧਤ 24 ਬੈਂਕ ਖਾਤਿਆਂ - ਜਿਸ ਵਿੱਚ ਕੁੱਲ ਰਕਮ 7.09 ਕਰੋੜ ਰੁਪਏ ਤੱਕ ਹੈ - ਨੂੰ ਫ ?ਰੀਜ਼ ਕਰਨ ਦੇ ਨਾਲ ਨਾਲ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਵੱਖ-ਵੱਖ ਥਾਵਾਂ 'ਤੇ ਮਾਰੇ ਗਏ ਛਾਪਿਆਂ ਦੌਰਾਨ ਭਾਰੀ ਮਾਤਰਾ ਵਿੱਚ ਨਕਦੀ ਅਤੇ ਵਿਦੇਸ਼ੀ ਕਰੰਸੀ ਜ਼ਬਤ ਕਰਨ ਤੋਂ ਲਗਭਗ ਇੱਕ ਮਹੀਨੇ ਬਾਅਦ ਪ੍ਰਾਪਤ ਹੋਈ ਹੈ। ਇਸ ਤੋਂ ਇਲਾਵਾ ਦੋਸ਼ੀ ਦੇ ਦੋ ਬੈਂਕ ਲਾਕਰ ਵੀ ਜ਼ਬਤ ਕੀਤੇ ਗਏ ਹਨ।



ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਤਕਨੀਕੀ ਢੰਗ ਨਾਲ ਕੀਤੀ ਨਿਗਰਾਨੀ ਅਤੇ ਮਨੁੱਖੀ ਖੁਫੀਆ ਜਾਣਕਾਰੀ ਦੀ ਘੋਖ ਉਪਰੰਤ, ਸਪੈਸ਼ਲ ਡੀਜੀਪੀ ਕੁਲਦੀਪ ਸਿੰਘ ਦੀ ਅਗਵਾਈ ਵਾਲੀ ਏਐਨਟੀਐਫ ਦੀਆਂ ਪੁਲਿਸ ਟੀਮਾਂ ਨੇ ਐਰੋਸਿਟੀ, ਐਸਏਐਸ ਨਗਰ ਤੋਂ ਡਰੱਗ ਇੰਸਪੈਕਟਰ ਸ਼ੀਸ਼ਾਨ ਮਿੱਤਲ ਨੂੰ ਕਾਬੂ ਕੀਤਾ ਹੈ।

ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਡਰੱਗ ਇੰਸਪੈਕਟਰ ਜੇਲ੍ਹ 'ਚ ਬੰਦ ਨਸ਼ਾ ਤਸਕਰਾਂ ਦੇ ਲਗਾਤਾਰ ਸੰਪਰਕ ਵਿੱਚ ਸੀ ਅਤੇ ਬਾਹਰੋਂ ਉਨ੍ਹਾਂ ਦੇ ਨਸ਼ਾ ਤਸਕਰੀ ਦੇ ਨੈਟਵਰਕ ਨੂੰ ਚਲਾਉਣ ਵਿੱਚ ਸਹਾਇਤਾ ਕਰ ਰਿਹਾ ਸੀ। ਜਾਂਚ ਵਿੱਚ ਇਹ ਵੀ ਪਤਾ ਲੱਗਾ ਹੈ ਕਿ ਦੋਸ਼ੀ ਡਰੱਗ ਇੰਸਪੈਕਟਰ ਸਰਕਾਰ ਤੋਂ ਇਜਾਜ਼ਤ ਲਏ ਜਾਂ ਐਕਸ-ਇੰਡੀਆਂ ਲੀਵ ਲਏ ਬਿਨਾਂ ਅਕਸਰ ਵਿਦੇਸ਼ਾਂ ਵਿੱਚ ਘੁੰਮਦਾ ਰਹਿੰਦਾ ਸੀ।

ਡੀਜੀਪੀ ਨੇ ਕਿਹਾ ਕਿ ਏਐਨਟੀਐਫ ਵੱਲੋਂ ਕੀਤਾ ਗਿਆ ਇਹ ਸਫਲ ਆਪ੍ਰੇਸ਼ਨ ਗੁੰਝਲਦਾਰ ਅਪਰਾਧਿਕ ਨੈਟਵਰਕਾਂ ਨਾਲ ਨਜਿੱਠਣ ਲਈ ਇਸਦੀ ਰਣਨੀਤਕ ਪਹੁੰਚ ਨੂੰ ਦਰਸਾਉਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਜ਼ਿਕਰਯੋਗ ਹੈ ਕਿ ਮਿੱਤਲ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਨੂੰ ਹਾਲ ਹੀ ਵਿੱਚ ਸੈਸ਼ਨ ਅਦਾਲਤ ਵੱਲੋਂ ਰੱਦ ਕਰ ਦਿੱਤਾ ਗਿਆ ਸੀ, ਜਿਸ ਨਾਲ ਉਸਦੇ ਵਿਰੁੱਧ ਦੋਸ਼ਾਂ ਦੀ ਗੰਭੀਰਤਾ ਹੋਰ ਵਧੇਰੇ ਸਪੱਸ਼ਟ ਹੋ ਗਈ।

ਹੋਰ ਵੇਰਵੇ ਸਾਂਝੇ ਕਰਦਿਆਂ ਸਪੈਸ਼ਲ ਡੀਜੀਪੀ ਕੁਲਦੀਪ ਸਿੰਘ ਨੇ ਦੱਸਿਆ ਕਿ ਏਐਨਟੀਐਫ ਨੇ ਦੋਸ਼ੀ ਕੋਲੋਂ 1.49 ਕਰੋੜ ਰੁਪਏ ਦੀ ਨਕਦੀ, 260 ਗ੍ਰਾਮ ਸੋਨਾ ਅਤੇ 515 ਦਿਰਹਾਮ ਬਰਾਮਦ ਕੀਤੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ ਗੈਰ-ਕਾਨੂੰਨੀ ਢੰਗ ਬਣਾਈਆਂ ਸੰਪਤੀਆਂ ਦੀ ਪਛਾਣ ਕੀਤੀ ਗਈ ਹੈ ਜਿਸ ਵਿੱਚ ਜ਼ੀਰਕਪੁਰ 'ਚ 2 ਕਰੋੜ ਰੁਪਏ ਦੇ ਮੁੱਲ ਦੇ ਫਲੈਟ, ਡੱਬਵਾਲੀ ਵਿੱਚ 40 ਲੱਖ ਰੁਪਏ ਦਾ ਪਲਾਟ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ।ਇਸ ਸਬੰਧੀ ਐਫਆਈਆਰ ਨੰ. 121/2024 ਤਹਿਤ ਐਨਡੀਪੀਐਸ ਐਕਟ ਦੀ ਧਾਰਾ 29 ਅਤੇ 59 ਅਤੇ ਭਾਰਤੀ ਨਿਆ ਸੰਹਿਤਾ (ਬੀਐਨਐਸ) ਦੀ ਧਾਰਾ 111 ਅਧੀਨ ਪਹਿਲਾਂ ਹੀ ਮਾਮਲਾ ਦਰਜ ਕੀਤਾ ਜਾ ਚੁੱਕਾ ਹੈ।

## ਖੇਤੀਬਾੜੀ ਵਿਭਾਗ ਨੇ ਪਰਾਲੀ ਪ੍ਰਬੰਧਨ ਮਸ਼ੀਨਾਂ ਸਬਸਿਡੀ 'ਤੇ ਦੇਣ ਲਈ ਪੋਰਟਲ ਮੁੜ ਖੋਲ੍ਹਿਆ

ਚੰਡੀਗੜ੍ਹ, 13 ਸਤੰਬਰ (ਪ.ਪ.): ਝੋਨੇ ਦੀ ਪਰਾਲੀ ਦੇ ਕੁਸ਼ਲ ਪ੍ਰਬੰਧਨ ਲਈ ਸੂਬੇ ਦੇ ਕਿਸਾਨਾਂ ਨੂੰ ਨਵੀਨਤਮ ਤਕਨਾਲੋਜੀ 'ਤੇ ਆਧਾਰਤ ਮਸ਼ੀਨਰੀ ਪ੍ਰਦਾਨ ਕਰਨ ਦੇ ਉਦੇਸ਼ ਨਾਲ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੇ ਕਿਸਾਨਾਂ ਵਾਸਤੇ ਫਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਾਂ ਦੀ ਖਰੀਦ 'ਤੇ ਸਬਸਿਡੀਆਂ ਦਾ ਲਾਭ ਲੈਣ ਲਈ ਪੋਰਟਲ ਨੂੰ 19 ਸਤੰਬਰ, 2024 ਤੱਕ ਮੁੜ ਖੋਲ੍ਹ ਦਿੱਤਾ ਹੈ।



ਅੱਜ ਇੱਕ ਪ੍ਰੈਸ ਬਿਆਨ ਵਿੱਚ ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸੂਬੇ ਦੇ ਕਿਸਾਨ ਸੀ.ਆਰ.ਐਮ. ਮਸ਼ੀਨਰੀ ਦੀ ਖਰੀਦ ਲਈ ਆਪਣੀਆਂ ਅਰਜ਼ੀਆਂ ਹੁਣ 19 ਸਤੰਬਰ, 2024 ਸ਼ਾਮ 5 ਵਜੇ ਤੱਕ agrimachinerypb.com ਉਤੇ ਆਨਲਾਈਨ ਜਮ ?ਹਾਂ ਕਰਵਾ ਸਕਦੇ ਹਨ । ਉਨ੍ਹਾਂ ਨੇ ਸੂਬੇ ਦੇ ਕਿਸਾਨਾਂ ਨੂੰ ਫਸਲੀ ਰਹਿੰਦ-ਖੂੰਹਦ ਮਸ਼ੀਨਰੀ 'ਤੇ ਸਬਸਿਡੀ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ।

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸਾਉਣੀ ਸੀਜ਼ਨ 2024-25 ਦੌਰਾਨ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ (ਸੀ.ਆਰ.ਐਮ.) ਮਸ਼ੀਨਰੀ ਦੀ ਖਰੀਦ 'ਤੇ ਸਬਸਿਡੀ ਦਾ ਲਾਭ ਲੈਣ ਲਈ ਹੁਣ ਤੱਕ ਕਿਸਾਨਾਂ, ਸਹਿਕਾਰੀ ਸਭਾਵਾਂ ਅਤੇ ਪੰਚਾਇਤਾਂ ਤੋਂ 21,830 ਅਰਜ਼ੀਆਂ ਪ੍ਰਾਪਤ ਹੋਈਆਂ। ਉਨ੍ਹਾਂ ਦੱਸਿਆ ਕਿ ਖੇਤੀਬਾੜੀ ਵਿਭਾਗ ਨੇ ਹੁਣ ਤੱਕ 13,107 ਸੀ.ਆਰ.ਐਮ. ਮਸ਼ੀਨਾਂ ਲਈ 7,832 ਮਨਜ਼ੂਰੀ ਪੱਤਰ ਜਾਰੀ ਕਰ ਦਿੱਤੇ ਹਨ ਅਤੇ ਕਿਸਾਨਾਂ ਨੇ 5,833 ਸੀ.ਆਰ.ਐਮ. ਮਸ਼ੀਨਾਂ ਖਰੀਦ ਲਈਆਂ ਹਨ।

## ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਸ਼ਤਾਬਦੀ ਸਮਾਗਮਾਂ ਮੌਕੇ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਹੋਏ ਨਤਮਸਤਕ



**ਆਜ਼ਾਦ ਸੋਚ**
**ਸੁਖਰਾਜ ਸਿੰਘ**
**ਨਵੀਂ ਦਿੱਲੀ, 13 ਸਤੰਬਰ**

ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਦਿਹਾੜੇ ਦੀ 450 ਸਾਲਾ ਸ਼ਤਾਬਦੀ ਦੇ ਸਬੰਧ ਵਿੱਚ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਚੱਲ ਰਹੇ ਸਮਾਗਮਾਂ ਦੌਰਾਨ ਅੱਜ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਨਤਮਸਤਕ ਹੋਏ।ਇਸ ਮੌਕੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਅਨੀਤਾ ਕਟਾਰੀਆ ਵੀ ਮੌਜੂਦ ਸਨ।ਸ੍ਰੀ ਕਟਾਰੀਆ ਨੇ ਗੁਰੂ ਘਰ ਵਿਖੇ ਮੱਥਾ ਟੇਕਿਆ ਤੇ ਕੜਾਹ ਪ੍ਰਸ਼ਾਦ ਦੀ ਦੇਗ ਕਰਵਾ ਕੇ ਸ਼ਰਧਾ ਪ੍ਰਗਟਾਈ।ਉਨ੍ਹਾਂ ਨੂੰ ਸ਼ ?ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਹੋਰ ਅਹੁਦੇਦਾਰਾਂ ਨੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।ਰਾਜਪਾਲ ਪੰਜਾਬ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਕਰੀਬ ਇੱਕ ਘੰਟਾ ਰੁਕੇ, ਜਿਸ ਦੌਰਾਨ ਉਹ ਲੰਗਰ ਘਰ ਵੀ ਗਏ। ਇਸੇ ਦੌਰਾਨ ਮੀਡੀਆ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਜੇ ਅੱਜ ਦੇਸ਼ ਦੀ ਧਰਮ ਸੰਸਕ੍ਰਿਤੀ, ਪਰੰਪਰਾਵਾਂ ਤੇ ਸੱਭਿਆਚਾਰ ਸੁਰੱਖਿਅਤ ਹੈ ਤਾਂ ਉਹ ਸਿੱਖ ਗੁਰੂ ਸਾਹਿਬਾਨ ਦੀ ਬਦੌਲਤ ਹੈ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਮਹਾਨਤਾ ਏਨੀ ਵੱਡੀ ਸੀ ਕਿ ਇੱਥੇ ਆਏ ਅਕਬਰ ਬਾਦਸ਼ਾਹ ਨੇ ਵੀ ਪਹਿਲਾਂ ਪੰਗਤ ਵਿੱਚ ਬੈਠ ਕੇ ਪਰਸ਼ਾਦਾ ਛਕਿਆ ਸੀ।ਸ੍ਰੀ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਉਹ ਇੱਕ ਅਧਿਆਪਕ ਹਨ, ਸਿੱਖ ਗੁਰੂ ਸਾਹਿਬਾਨ ਦਾ ਇਤਿਹਾਸ ਪਹਿਲਾਂ ਪਾਠ ਪੁਸਤਕਾਂ ਵਿੱਚ ਪੜ੍ਹਨ ਨੂੰ ਮਿਲਦਾ ਸੀ, ਲੇਕਿਨ ਹੌਲੀ-ਹੌਲੀ ਸਾਡੇ ਦੇਸ਼ ਨੇ ਉਸ ਨੂੰ ਪਾਠ ਪੁਸਤਕਾਂ ਤੋਂ ਅਲੱਗ ਕੀਤਾ ਹੈ। ਰਾਜਪਾਲ ਨੇ ਕਿਹਾ ਕਿ ਉਨ੍ਹਾਂ ਨੇ ਸਿੱਖ ਗੁਰੂ ਸਾਹਿਬਾਨ ਖ਼ਾਸਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਇਤਿਹਾਸ ਪੜ੍ਹਿਆ ਹੈ, ਜੋ ਕਿ ਬਹੁਤ ਹੀ ਸੰਘਰਸ਼ਮਈ ਤੇ ਪ੍ਰੇਰਣਾਦਾਇਕ ਹੈ। ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਗੱਲ ਕਰਦਿਆਂ ਰਾਜਪਾਲ ਪੰਜਾਬ ਨੇ ਕਿਹਾ ਕਿ ਉਹ ਸਮਝਦੇ ਹਨ ਕਿ ਇਸ ਤੋਂ ਵੱਡਾ ਕੁਰਬਾਨੀ ਸ਼ਾਇਦ ਹੀ ਕੋਈ ਹੋਵੇਗੀ ਕਿ ਆਪਣੇ ਧਰਮ ਪੰਥ ਨੂੰ ਬਚਾਉਣ ਲਈ ਚਾਰੋਂ ਸਾਹਿਬਜ਼ਾਦੇ ਕੁਰਬਾਨ ਕਰ ਦਿੱਤੇ। ਉਨ੍ਹਾਂ ਦੇਸ਼ਵਾਸੀਆਂ ਨੂੰ ਗੁਰੂ ਸਾਹਿਬਾਨ ਤੇ ਚਾਰ ਸਾਹਿਬਜ਼ਾਦਿਆਂ ਦੇ ਜੀਵਨ ਤੋਂ ਪ੍ਰੇਰਣਾ ਲੈਣ ਦੀ ਗੱਲ ਆਖੀ।ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਰਾਮਦਾਸ ਜੀ ਨਾਲ ਸਬੰਧਤ ਸ਼ਤਾਬਦੀ ਸਮਾਗਮਾਂ ਵਿੱਚ ਸ਼ਮੂਲੀਅਤ ਕਰਕੇ ਖ਼ੁਸ਼ੀ ਤੇ ਸੁਭਾਗਾ ਮਹਿਸੂਸ ਕਰ ਰਹੇ ਹਨ।

**ਸਿੱਖ ਗੁਰੂ ਸਾਹਿਬਾਨ ਸਦਕਾ ਦੇਸ਼ ਦੀ ਧਰਮ ਸੰਸਕ੍ਰਿਤੀ, ਪਰੰਪਰਾਵਾਂ ਤੇ ਸੱਭਿਆਚਾਰ ਸੁਰੱਖਿਅਤ: ਗੁਲਾਬ ਚੰਦ ਕਟਾਰੀਆ**

ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਧਰਮ ਇਤਿਹਾਸ ਦੇ ਸ਼ਤਾਬਦੀ ਦਿਹਾੜੇ ਕੌਮ ਲਈ ਮਹੱਤਵਪੂਰਨ ਹਨ ਅਤੇ ਇਹ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਇੱਕ ਅਹਿਮ ਮੌਕਾ ਹਨ।ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਅਮਰਦਾਸ ਜੀ ਨਾਲ ਸਬੰਧਤ ਇਸ ਸ਼ਤਾਬਦੀ ਦੌਰਾਨ ਪੰਜਾਬ ਦੇ ਰਾਜਪਾਲ ਦਾ ਗੁਰੂ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ ਆਉਣਾ ਸਵਾਗਤਯੋਗ ਹੈ।ਉਨ੍ਹਾਂ ਕਿਹਾ ਕਿ ਇੱਥੇ ਜੋ ਵੀ ਪ੍ਰਮੁੱਖ ਸ਼ਖ਼ਸੀਅਤਾਂ ਆਉਣਗੀਆਂ ਉਨ੍ਹਾਂ ਦਾ ਸਵਾਗਤ ਰਹੇਗਾ। ਐਡਵੋਕੇਟ ਧਾਮੀ ਨੇ ਸ਼ਤਾਬਦੀ ਮੌਕੇ ਸਹਿਯੋਗ ਕਰਨ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਦਾ ਧੰਨਵਾਦ ਕੀਤਾ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਵੀ ਗੁਰੂ ਸਾਹਿਬ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਕੌਮ ਨੂੰ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ।

ਇਸ ਮੌਕੇ ਭਾਈ ਰਜਿੰਦਰ ਸਿੰਘ ਮਹਿਤਾ, ਅਲਵਿੰਦਰਪਾਲ ਸਿੰਘ ਪੱਖੋਕੇ, ਅਮਰਜੀਤ ਸਿੰਘ ਭਲਾਈਪੁਰ, ਗੁਰਬਚਨ ਸਿੰਘ ਕਰਮੂੰਵਾਲਾ, ਸੁਰਜੀਤ ਸਿੰਘ ਭਿੱਟੇਵੱਡ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਬਲਵਿੰਦਰ ਸਿੰਘ ਵੇਈਂਪੂਈਂ, ਗੁਰਮੀਤ ਸਿੰਘ ਬੂਹ, ਭਾਈ ਅਜਾਇਬ ਸਿੰਘ ਅਭਿਆਸੀ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਸੁਖਵਿੰਦਰ ਸਿੰਘ ਭੂਰੀ ਵਾਲੇ, ਬਾਬਾ ਅਵਤਾਰ ਸਿੰਘ ਧੱਤਲ, ਪ੍ਰਤਾਪ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਹਰਭਜਨ ਸਿੰਘ ਵਕਤਾ, ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ, ਜ਼ਿਲ੍ਹਾ ਪੁਲਿਸ ਮੁਖੀ ਗੌਰਵ ਤੂਰਾ, ਇੰਚਾਰਜ ਸਤਨਾਮ ਸਿੰਘ ਰਿਆੜ, ਮੈਨੇਜਰ ਗੁਰਾ ਸਿੰਘ, ਹੈੱਡ ਗ੍ਰੰਥੀ ਗਿਆਨੀ ਗੁਰਮੁਖ ਸਿੰਘ, ਕੁਲਦੀਪ ਸਿੰਘ ਔਲਖ, ਪ੍ਰੇਮ ਸਿੰਘ ਆਦਿ ਹਾਜ਼ਰ ਸਨ।

## ਮੋਦੀ ਸਰਕਾਰ ਦੀ 'ਕੱਠਪੁਤਲੀ' ਐਨ.ਆਈ.ਏ. ਲੋਕਾਂ ਦੀ ਅਵਾਜ਼ ਨਹੀਂ ਦਬਾ ਸਕਦੀ

**ਸੁਖਵਿੰਦਰ ਕੌਰ ਅਤੇ ਉਸ ਦਾ ਪਰਿਵਾਰ ਲੋਕ ਹਿਤਾਂ ਲਈ ਕਿਸੇ ਵੀ ਕੁਰਬਾਨੀ ਲਈ ਤਿਆਰ**

**ਆਜ਼ਾਦ ਸੋਚ**
**ਰਜਨੀਸ਼ ਕਰਕਰਾ**
**ਰਾਮਪੁਰਾ ਫੂਲ, 13 ਸਤੰਬਰ**

ਲਖਨਊ ਅੰਦਰ ਬਿਨਾ ਕਿਸੇ ਘਟਨਾ ਦੇ ਵਾਪਰੇ ਅਤੇ ਬਿਨਾਂ ਕਿਸੇ ਦੇ ਨਾਮ ਤੋਂਲੂ ਝੂਠੀ ਦਰਜ ਕੀਤੀ ਮੁਢਲੀ ਸੂਚਨਾ ਦੇ ਅਧਾਰ 'ਤੇ ਮੋਦੀ ਹਕੂਮਤ ਦੀ ਕੱਠਪੁਤਲੀ ਐਨ ਆਈ ਏ ਨੇ 30 ਅਗਸਤ ਨੂੰ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਪੰਜਾਬ ਦੀ ਜਨਰਲ ਸਕੱਤਰ ਸੁਖਵਿੰਦਰ ਕੌਰ ਅਤੇ ਪੰਜਾਬ ਅਤੇ ਹਰਿਆਣੇ ਦੇ ਵਕੀਲਾਂ ਅਜੇ ਕੁਮਾਰਲੂ ਮਨਦੀਪ ਸਿੰਘ ਅਤੇ ਪੰਕਜ ਤਿਆਗੀ ਆਦਿ ਦੇ ਘਰਾਂ 'ਚ ਛਾਪੇ ਮਾਰੇ। ਵਕੀਲ ਅਜੇ ਕੁਮਾਰ ਨੂੰ ਗਿ ?ਰਫਤਾਰ ਕਰ ਲਿਆ। ਸੁਖਵਿੰਦਰ ਕੌਰ ਅਤੇ ਉਸ ਦੇ ਪਤੀ ਦੇ ਇਲੈਕਟ ?ਰੋਨਿਕ ਯੰਤਰ (ਫੋਨ ਅਤੇ ਪੈਨ ਡਰਾਵੀਜ਼) ਸਮੇਤ ਕੁੱਝ ਆਮ ਸਾਹਿਤ ਜਬਤ ਕਰ ਲਿਆ। ਇਨ੍ਹਾਂ ਛਾਪਿਆਂ ਖਿਲਾਫ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਪੰਜਾਬ ਦੇ ਸੱਦੇ 'ਤੇ ਜਿਲ੍ਹਾ ਇਕਾਈ ਬਠਿੰਡਾ ਅਗਵਾਈ 'ਚ ਰਾਮਪੁਰਾ ਫੂਲ ਦੀ ਪਟਿਆਲਾ ਮੰਡੀ ਵਿੱਚ ਤਿੰਨ ਘੰਟੇ ਵਿਸ਼ਾਲ ਰੋਸ ਪ੍ਰਦਰਸ਼ਨ ਅਤੇ ਬਾਅਦ ਵਿੱਚ ਭਾਜਪਾ ਦੇ ਆਗੂ ਜਗਦੀਪ ਨਕਈ ਦੇ ਘਰ ਤੱਕ ਮੁਜਾਹਰਾ ਕੀਤਾ ਗਿਆ ਗਿਆ।



ਇਸ ਰੈਲੀ ਅਤੇ ਮੁਜਾਹਰੇ ਨੂੰ ਸੰਬੋਧਨ ਕਰਦਿਆਂ ਬੀ.ਕੇ.ਯੂ.(ਕ੍ਰਾਂਤੀਕਾਰੀ) ਦੇ ਸੂਬਾ ਪ੍ਰਧਾਨ ਸ. ਬਲਦੇਵ ਸਿੰਘ ਜੀਰਾ ਨੇ ਕਿਹਾ ਕਿ ਦੇਸ਼ ਅੰਦਰ ਮੋਦੀ ਹਕੂਮਤ ਹਰ ਵਿਰੋਧੀ ਅਵਾਜ ਨੂੰ ਦਬਾਉਣਾ ਚਾਹੁੰਦੀ ਹੈ। ਮੋਦੀ ਹਕੂਮਤ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੀ ਨੰਗੀ ਚਿੱਟੀ ਚਾਕਰੀ ਕਰਨ ਲਈ ਲੋਕ ਪੱਖੀ ਸ਼ਕਤੀਆਂ ਨੂੰ ਭੈਅ-ਭੀਤ ਕਰਨ ਅਤੇ ਦੇਸ਼ ਅੰਦਰ ਫਿਰਕੂ ਜਹਿਰ ਘੋਲ ਕੇ ਕਿਸਾਨ ਮਜ਼ਦੂਰ ਲਹਿਰਾਂ ਨੂੰ ਦਬਾਉਣਾ ਚਾਹੁੰਦੀ ਹੈ ਤਾਂ ਇਹ ਪੰਜਾਬ ਦੇ ਇਤਿਹਾਸ ਨੂੰ ਭੁੱਲ ਰਹੀ ਹੈ। ਮੋਦੀ ਹਕੂਮਤ ਦੀ ਬੁਖਲਾਹਟ ਦਾ ਸਪਸ਼ਟ ਕਾਰਨ ਹੈ ਕਿ ਪੰਜਾਬ ਦੀਆਂ ਸਰਹੱਦਾਂ 'ਤੇ ਸ਼ੰਭੂ ਅਤੇ ਖਨੌਰੀ ਆਦਿ 'ਚ ਚੱਲ ਰਹੇ ਕਿਸਾਨ ਮੋਰਚਿਆਂ ਦੀ ਜਿੰਦ ਜਾਨਲੂ ਇਨ੍ਹਾਂ ਦੀ ਜੱਦ ਵਿੱਚ ਨਾ ਆਉਣ ਵਾਲੀਆਂ ਜਥੇਬੰਦੀਆਂ ਦੇ ਮੋਹਰੀ ਆਗੂਆਂ 'ਤੇ ਹਮਲੇ ਵਿੱਢੇ ਜਾਣ। ਅਸੀਂ ਹਕੂਮਤਾਂ ਦੇ ਜਬਰ ਅੱਗੇ ਸਮਝੌਤਾ ਨਹੀਂ ਕਰ ਸਕਦੇ ਭਾਵੇਂ ਕਿੰਨੀਆਂ ਹੋਰ ਅਜੰਸੀਆਂ ਵੀ ਛਾਪੇ ਮਾਰਨ।

ਇਸ ਰੈਲੀ ਨੂੰ ਸੰਬੋਧਨ ਕਰਦਿਆਂ ਬੀ.ਕੇ.ਯੂ.(ਕ੍ਰਾਂਤੀਕਾਰੀ) ਪੰਜਾਬ ਦੇ ਚੇਅਰਮੈਨ ਸੁਰਜੀਤ ਸਿੰਘ ਫੂਲ ਨੇ ਕਿਹਾ ਕਿ ਅੱਜ ਜਦੋਂ ਵੱਖ-2 ਮੋਰਚਿਆਂ 'ਤੇ ਕਿਸਾਨੀ ਸੰਘਰਸ਼ ਹਕੂਮਤ ਦੀਆਂ ਜੜ੍ਹਾਂ 'ਚ ਬਹਿ ਰਿਹਾ ਹੈ ਤਾਂ ਸਾਨੂੰ ਮਾਣ ਹੈ ਕਿ ਹਕੂਮਤਾਂ ਸਾਡੀ ਜਥੇਬੰਦੀ ਅਤੇ ਇਸ ਦੇ ਆਗੂਆਂ ਤੋਂ ਤ੍ਰਹਿਣ ਲੱਗੀਆਂ ਹਨ। ਸੁਖਵਿੰਦਰ ਕੌਰ ਦੇ ਘਰ ਐਨ ਆਈ ਏ ਦਾ ਛਾਪਾ ਮੋਦੀ ਹਕੂਮਤ ਦੇ ਡਰ ਦੀ ਜਾਹਰਾ ਮਿਸਾਲ ਹੈ। ਇਸ ਦਾ ਢੁੱਕਵਾਂ ਜੁਆਬ ਦਿੱਤਾ ਜਾਵੇਗਾ।

ਲੋਕ ਸੰਗਰਾਮ ਮੋਰਚਾ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਮਲਹੋਤਰਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਦੇਸ਼ ਅੰਦਰ ਸੰਘਰਸ਼ ਦੇ ਵੱਖ-2 ਰੂਪਾਂ ਭਾਵੇਂ ਉਹ ਹਕੂਮਤ ਖਿਲਾਫ ਹਥਿਆਰਬੰਦ ਸੰਘਰਸ਼ ਹੀ ਕਿਉਂ ਨਾ ਹੋਵੇ ਦਾ ਇੱਕ ਇਤਿਹਾਸ ਰਿਹਾ ਹੈ। ਇਹ ਹਕੂਮਤਾਂ ਹੀ ਲੋਕਾਂ ਨੂੰ ਬਗਾਵਤ ਲਈ ਮਜਬੂਰ ਕਰਦੀਆਂ ਹਨ। ਸੁਖਵਿੰਦਰ ਕੌਰ ਸਮੇਤ ਉੱਘੇ ਵਕੀਲਾਂ ਦੇ ਘਰਾਂ ਅੰਦਰ ਐਨ ਆਈ ਏ ਦੇ ਛਾਪੇ ਅਤੇ ਵਕੀਲ ਅਜੇ ਕੁਮਾਰ ਨੂੰ ਗ੍ਰਿਫਤਾਰ ਕਰਨਾ ਭਾਰਤੀ ਹਕੂਮਤ ਵੱਲੋਂ ਦੇਸ਼ ਦੇ ਲੋਕਾਂ ਵਿਰੁੱਧ ਜੰਗ ਦਾ ਹਿੱਸਾ ਹੈ। ਅੱਜ ਲੋਕ ਆਗੂਆਂ ਦੀ ਹਮਾਇਤ ਵਿੱਚ ਡੱਟਣ ਦੀ ਲੋੜ ਹੈ ਅਤੇ ਮੋਦੀ ਹਕੂਮਤ ਖਿਲਾਫ ਲੰਬੇ ਬੱਝਵੇਂ ਅਤੇ ਇੱਕਜੁੱਟ ਸੰਘਰਸ਼ਾਂ ਦੀ ਲੋੜ ਹੈ।

ਇਸ ਰੈਲੀ ਨੂੰ ਸੰਬੋਧਨ ਕਰਦਿਆਂ ਬੀ ਕੇ ਯੂ (ਕ੍ਰਾਂਤੀਕਾਰੀ) ਦੀ ਸੂਬਾ ਜਨਰਲ ਸਕੱਤਰ ਸਖਵਿੰਦਰ ਕੌਰ ਨੇ ਪ੍ਰਣ ਕੀਤਾ ਕਿ "ਪ੍ਰਾਣ ਜਾਇ ਪਰ ਬਚਨ ਨਾ ਜਾਇ" ਅਨੁਸਾਰ ਚਾਹੇ ਕੋਈ ਵੀ ਤਾਕਤ ਉਸ ਦੇ ਰਾਹ ਵਿੱਚ ਅੜਿਕਾ ਬਣੇ। ਉਹ ਲੋਕ ਹਿਤਾ ਲਈ ਲੜਨ ਵਾਲੀ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਅਤੇ ਇਸ ਦੁਆਰਾ ਸਿਰਜੇ ਇਤਿਹਾਸ ਦੀ ਹਰ ਪੱਧਰ 'ਤੇ ਜਾ ਕੇ ਰਾਖੀ ਕਰੇਗੀ। ਅਖੀਰ 'ਚ ਉਨ੍ਹਾਂ ਇਸ ਰੋਸ ਪ੍ਰਦਰਸ਼ਨ ਵਿੱਚ ਸ਼ਾਮਲ ਸਾਰੀਆਂ ਜਥੇਬੰਦੀਆਂ ਅਤੇ ਆਗੂਆਂ ਦਾ ਧੰਨਵਾਦ ਕੀਤਾ।

ਇਸ ਰੈਲੀ ਨੂੰ ਗੁਰਦੀਪ ਸਿੰਘ ਬਠਿੰਡਾ, ਪ੍ਰਸ਼ੋਤਮ ਮਹਿਰਾਜ, ਦਰਸ਼ਨ ਸਿੰਘ ਬਾਜਾਖਾਨਾ-, ਰਣਜੀਤ ਸਿੰਘ ਸਵਾਜਪੁਰ-, ਗੁਰਪ੍ਰੀਤ ਸਿੰਘ ਫਰੀਦੇ ਵਾਲਾ, ਰਾਜੇਸ਼ ਮਲਹੋਤਰਾ-, ਗਰਮੇਲ ਸਿੰਘ ਸਰਪੰਚ-, ਪ੍ਰਿੰਸੀਪਲ ਬੱਗਾ ਸਿੰਘ-, ਸ਼ਵਿੰਦਰਪਾਲ ਸਿੰਘ- ਪਰਮਜੀਤ ਕੌਰ ਮੁੱਦਕੀ-, ਗੁਰਦੀਪ ਸਿੰਘ ਵੈਰੋਕੇ, ਲਾਲ ਸਿੰਘ ਗੋਲੇਵਾਲਾ-, ਨਛੱਤਰ ਸਿੰਘ ਪ੍ਰਧਾਨ ਦੋਆਬਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਲਖਵੀਰ ਸਿੰਘ ਲੱਖਾ-, ਹਰਮਨਜੀਤ ਸਿੰਘ ਰਾਏਸਰ-, ਜੁਗਿੰਦਰ ਸਿੰਘ ਮੁਕਤਸਰ-, ਸੁਖਵਿੰਦਰ ਸਿੰਘ ਸਭਰਾਵਾਂ-, ਕੁਲਵੀਰ ਸਿੰਘ ਜੇ ਈ-, ਸੁਖਮੰਦਰ ਸਿੰਘ ਬਠਿੰਡਾ-, ਬਲਵੰਤ ਸਿੰਘ ਮਹਿਰਾਜ-, ਲਖਵੀਰ ਸਿੰਘ (ਲੱਖਾ ਸਿਧਾਣਾ), ਦਲਵਿੰਦਰ ਸਿੰਘ ਸ਼ੇਰਖਾਂ-, ਸਤਵੰਤ ਸਿੰਘ ਵਜੀਦਪੁਰ ਆਦਿ ਆਗੂਆਂ ਨੇ ਸੰਬੋਧਨ ਕੀਤਾ।

**ਕਿਸਾਨਾਂ ਵੱਲੋਂ ਮੇਨ ਹਾਈਵੇ ਜਾਮ ਕਰਨ ਮਗਰੋਂ ਪੁਲਿਸ ਪ੍ਰਸ਼ਾਸਨ ਹਟਿਆ ਪਿੱਛੇ** : ਓਥੇ ਹੀ ਰਾਮਪੁਰਾ ਦੀ ਦਾਣਾ ਮੰਡੀ ਤੋਂ ਇਕ ਵਿਸ਼ਾਲ ਮਾਰਚ ਦੇ ਰੂਪ ਵਿੱਚ ਬੀਕੇਯੂ ਕ੍ਰਾਂਤੀਕਾਰੀ ਦੀ ਅਗਵਾਈ ਚ ਸਥਾਨਕ ਸ਼ਹਿਰ ਤੋਂ ਭਾਜਪਾ ਆਗੂ ਜਗਦੀਪ ਸਿੰਘ ਨਕਈ ਦੀ ਰਿਹਾਇਸ਼ ਅੱਗੇ ਐਨਆਈਏ ਦੀ ਪੰਜਾਬ ਚ ਦਖਲ ਬੰਦ ਕਰਨ ਲਈ ਚੇਤਾਵਨੀ ਮਾਰਚ ਦੌਰਾਨ ਪੁਲਿਸ ਪ੍ਰਸ਼ਾਸਨ ਵੱਲੋਂ ਬੈਰੀਗੇਟ ਲਗਾਕੇ ਕਿਸਾਨਾਂ ਨੂੰ ਰੋਕ ਲਿਆ ਗਿਆ ਤੇ ਤਣਾ ਤਣੀ ਵਾਲਾ ਮਾਹੌਲ ਬਣ ਗਿਆ। ਇਸ ਮੌਕੇ ਸੂਬਾ ਪ੍ਰਧਾਨ ਬਲਦੇਵ ਸਿੰਘ ਜ਼ੀਰਾ ਦੀ ਅਗਵਾਈ ਚ ਕਿਸਾਨਾਂ ਨੇ ਰਾਮਪੁਰਾ ਪਿੰਡ ਦੇ ਗੇਟ ਵਾਲੀ ਤਿਨਕੋਨੀ ਉੱਪਰ ਬਠਿੰਡਾ-ਚੰਡੀਗੜ੍ਹ ਨੈਸ਼ਨਲ ਹਾਈਵੇ ਜਾਮ ਕਰ ਦਿੱਤਾ ਗਿਆ ਜਿਸ ਮਗਰੋਂ ਪੁਲਿਸ ਪ੍ਰਸ਼ਾਸਨ ਨੇ ਜਾਮ ਲਗਦਾ ਦੇਖ ਪਿੱਛੇ ਹਟਣਾ ਹੀ ਮੁਨਾਸਿਫ਼ ਸਮਝਿਆ ਜਿਸ ਮਗਰੋਂ ਕਿਸਾਨਾਂ ਨੇ ਪ੍ਰਸ਼ਾਸਨ ਵੱਲੋਂ ਲਗਾਏ ਗਏ ਬੈਰੀਗੇਟ ਹਟਾਕੇ ਚੇਤਾਵਨੀ ਮਾਰਚ ਅੱਗੇ ਲਿਜਾਇਆ ਗਿਆ।

ਇਸ ਮੌਕੇ ਬਲਦੇਵ ਜ਼ੀਰਾ ਨੇ ਭਾਜਪਾ ਆਗੂ ਨਕਈ ਦੀ ਰਿਹਾਇਸ਼ ਅੱਗੇ ਐਨਆਈਏ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਓਹ ਕਿਸਾਨ ਆਗੂਆਂ ਸਮੇਤ ਹੋਰ ਖੱਬੇ ਪੱਖੀ ਜਾਂ ਸੱਜੇ ਪੱਖੀ ਧਿਰਾਂ ਉੱਪਰ ਜੇਕਰ ਦੁਬਾਰੇ ਰੇਡ ਮਾਰਨ ਦੀ ਕੋਸ਼ਿਸ਼ ਕੀਤੀ ਤਾਂ ਓਹ ਆਪਣੇ ਨਫ਼ੇ ਨੁਕਸਾਨ ਦੀ ਖੁਦ ਜਿੰਮੇਵਾਰ ਹੋਵੇਗੀ। ਇਸ ਮਗਰੋਂ ਕਿਸਾਨਾਂ ਵੱਲੋਂ ਆਪਣਾ ਚੇਤਾਵਨੀ ਮਾਰਚ ਸਮਾਪਤ ਕਰਕੇ ਵਾਪਸੀ ਕਰ ਦਿੱਤੀ ਗਈ।




# ਰਾਮਗੜ੍ਹੀਆ ਸਿੱਖ ਆਰਗਨਾਈਜੇਸ਼ਨ ਦੀ ਰਾਜਸਥਾਨ ਦੇ ਹਨੂਮਾਨਗੜ੍ਹ ਵਿਖੇ ਹੋਈ ਅਹਿਮ ਮੀਟਿੰਗ

ਨਵੀਂ ਦਿੱਲੀ, 13 ਸਤੰਬਰ (ਸੁਕਰਾਜ ਸਿੰਘ): ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੀ ਇੱਕ ਅਹਿਮ ਮੀਟਿੰਗ ਰਾਜਸਥਾਨ ਦੇ ਜ਼ਿਲ੍ਹਾ ਹਨੂਮਾਨਗੜ੍ਹ ਵਿਖੇ ਪਰਮਜੀਤ ਕੌਰ ਸਗਰੀਆ ਤੇ ਲਖਵਿੰਦਰ ਸਿੰਘ ਬਿੱਟੂ



ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਹਰਦੇਵ ਸਿੰਘ ਕੌਂਸਲ ਪ੍ਰਧਾਨ ਇੰਡੀਆ, ਅਮਰਜੀਤ ਸਿੰਘ ਆਸੀ ਚੇਅਰਮੈਨ ਪੰਜਾਬ, ਇੰਜ. ਗੁਰਦੇਵ ਸਿੰਘ ਪਵਾਰ ਜਨਰਲ ਸਕੱਤਰ ਇੰਡੀਆ, ਗੁਰਬਿੰਦਰ ਸਿੰਘ ਪਲਾਹਾ ਪ੍ਰੈੱਸ ਸਕੱਤਰ ਇੰਡੀਆ, ਹਰਮਿੰਦਰ ਸਿੰਘ ਭੱਚੂ ਜਨਰਲ ਸਕੱਤਰ ਪੰਜਾਬ ਨੇ ਸ਼ਿਰਕਤ ਕੀਤੀ। ਇਸ ਮੌਕੇ ਆਪਣੇ ਸੰਬੋਧਨ 'ਚ ਹਰਦੇਵ ਸਿੰਘ ਕੌਂਸਲ ਨੇ ਰਾਜਸਥਾਨ ਦੀ ਸੂਬਾ ਪੱਧਰੀ ਇਕਾਈ ਦਾ ਸਥਾਪਨਾ ਕਰਦਿਆਂ ਪਰਮਜੀਤ ਕੌਰ ਸਗਰੀਆਂ ਨੂੰ ਰਾਜਸਥਾਨ ਸੂਬਾ ਪ੍ਰਧਾਨ, ਲਖਵਿੰਦਰ ਸਿੰਘ ਬਿੱਟੂ ਸੂਬਾ ਪ੍ਰੈੱਸ ਸਕੱਤਰ ਬਣਾਏ ਜਾਣ ਦਾ ਐਲਾਨ ਕਰਦਿਆਂ ਕਿਹਾ ਕਿ ਰਾਮਗੜ੍ਹੀਆ ਕੌਮ ਨੇ ਸਿੱਖ ਪੰਥ ਦੀ ਚੜ੍ਹਦੀਕਲਾ ਲਈ ਕੁਰਬਾਨੀਆਂ ਨਾਲ ਮਹਾਨ ਇਤਿਹਾਸ ਕਾਇਮ ਕੀਤਾ ਹੈ, ਹੁਣ ਸਮਾਂ ਆ ਗਿਆ ਹੈ ਕਿ ਸਮੁੱਚੀ ਰਾਮਗੜ੍ਹੀਆ ਕੌਮ ਇੱਕ ਪਲੇਟਫਾਰਮ 'ਤੇ ਇਕੱਤਰ ਹੋ ਕੇ ਇਕਮੁੱਠਤਾ ਦਾ ਸਬੂਤ ਦੇਵੇ, ਇਸ ਲਈ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਨੇ ਸਾਲ 2007 ਤੋਂ ਬੀੜਾ ਚੁੱਕਿਆ ਹੈ।ਇਸ ਕੜੀ ਤਹਿਤ ਅੱਜ ਰਾਜਸਥਾਨ ਸਟੇਟ ਦੇ ਯੂਨਿਟ ਦੀ ਸਥਾਪਨਾ ਕੀਤੀ ਜਾ ਰਹੀ ਹੈ।ਅਮਰਜੀਤ ਸਿੰਘ ਆਸੀ ਨੇ ਕਿਹਾ ਕਿ ਭਾਰਤ ਵਿੱਚ ਆਈਆਂ ਹੁਣ ਤੱਕ ਦੀਆਂ ਸਾਰੀਆਂ ਸਰਕਾਰਾਂ ਨੇ ਰਾਮਗੜ੍ਹੀਆ ਭਾਈਚਾਰੇ ਨੂੰ ਆਪਣੇ ਸੌੜੇ ਹਿੱਤਾਂ ਲਈ ਰੱਜ ਕੇ ਵਰਤਿਆ ਹੈ ਪਰ ਸਮੁੱਚੇ ਤੌਰ 'ਤੇ ਇਸ ਭਾਈਚਾਰੇ ਦੇ ਭਵਿੱਖ ਲਈ ਕੋਈ ਸਾਰਥਕ ਯਤਨ ਨਹੀਂ ਕੀਤੇ ਇਸ ਲਈ ਅਗਲੀ ਪੀੜ੍ਹੀ ਦਾ ਭਵਿੱਖ ਸੁਰੱਖਿਅਤ ਕਰਨ ਲਈ ਹੁਣ ਇਕਮੁੱਠ ਹੋਣਾ ਸਮੇਂ ਦੀ ਵੱਡੀ ਲੋੜ ਹੈ।ਪਰਮਜੀਤ ਕੌਰ ਸਗਰੀਆ ਤੇ ਲਖਵਿੰਦਰ ਸਿੰਘ ਬਿੱਟੂ ਨੇ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਨੂੰ ਸਮੁੱਚੇ ਰਾਜਸਥਾਨ ਸੂਬੇ 'ਚ ਮਜ਼ਬੂਤ ਕਰਨ ਲਈ ਸਾਂਝੇ ਤੌਰ 'ਤੇ ਹੰਭਲਾ ਮਾਰਨ ਦਾ ਅਹਿਦ ਲਿਆ।ਅੰਤ 'ਚ ਜਗਸੀਰ ਸਿੰਘ ਧੀਮਾਨ ਸੂਬਾ ਜਨਰਲ ਸਕੱਤਰ ਇੰਡੀਆ ਨੇ ਆਈਆਂ ਸਖਸ਼ੀਅਤਾਂ ਦਾ ਧੰਨਵਾਦ ਕਰਦਿਆਂ ਨਵੇਂ ਅਹੁਦੇਦਾਰਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਰਬਸੰਮਤੀ ਨਾਲ ਪਰਮਜੀਤ ਕੌਰ ਸਗਰੀਆਂ ਨੂੰ ਰਾਜਸਥਾਨ ਸੂਬਾ ਪ੍ਰਧਾਨ, ਲਖਵਿੰਦਰ ਸਿੰਘ ਬਿੱਟੂ ਸੂਬਾ ਪ੍ਰੈੱਸ ਸਕੱਤਰ, ਐਡਵੋਕੇਟ ਜਗਤਾਰ ਸਿੰਘ ਚਾਨੇ ਜ਼ਿਲ੍ਹਾ ਪ੍ਰਧਾਨ ਹਨੂਮਾਨਗੜ੍ਹ ਤੇ ਕੁਲਵੰਤ ਸਿੰਘ ਪੀਲੀਬੰਗਾ ਨੂੰ ਜ਼ਿਲਾ ਸਕੱਤਰ ਜਨਰਲ, ਮੁੱਖਪਾਲ ਸਿੰਘ ਗਾਲਾ ਜ਼ਿਲ੍ਹਾ ਪ੍ਰਧਾਨ ਸ਼ ?ਰੀ ਗੰਗਾਨਗਰ ਤੇ ਤਰਸੇਮ ਸਿੰਘ 54 ਐਫ ਜ਼ਿਲ੍ਹਾ ਜਨਰਲ ਸਕੱਤਰ, ਅਨੂਪ ਸਿੰਘ ਜ਼ਿਲ੍ਹਾ ਪ੍ਰਧਾਨ ਅਨੂਪਗੜ੍ਹ ਤੇ ਗੱਬਰ ਸਿੰਘ ਜ਼ਿਲ੍ਹਾ ਜਨਰਲ ਸਕੱਤਰ ਨੂੰ ਨਿਯੁਕਤੀ ਸੌਂਪਿਆ ਤੇ ਇਨ੍ਹਾਂ ਨਿਯੁਕਤੀਆਂ ਨੂੰ ਜੈਕਾਰਿਆਂ ਦੀ ਗੂੰਜ 'ਚ ਪ੍ਰਵਾਨਗੀ ਦਿੱਤੀ ਗਈ।ਮੰਚ ਦਾ ਸੰਚਾਲਣ ਗੁਰਬਿੰਦਰ ਸਿੰਘ ਪਲਾਹਾ ਨੇ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵੀਰ ਸਿੰਘ ਮਿਸ਼ਨ, ਅਮਰੀਕ ਸਿੰਘ ਗੀਹਲ, ਬਲਵਿੰਦਰ ਸਿੰਘ, ਸੰਦੀਪ ਸਿੰਘ ਨਾਗੀ, ਗੁਰਤੇਜ ਸਿੰਘ ਧੌਸੀ, ਲਖਬੀਰ ਸਿੰਘ, ਗੁਰਜੰਟ ਸਿੰਘ ਖੋਖਰ, ਅਮਰੀਕ ਸਿੰਘ, ਜਗਜੀਤ ਸਿੰਘ ਰਾਮਗੜ੍ਹੀਆ, ਬਲਜਿੰਦਰ ਸਿੰਘ ਜੰਡੂ, ਇੰਜੀਨੀਅਰ ਆਤਮਾ ਸਿੰਘ, ਸੁਖਮਿੰਦਰ ਸਿੰਘ, ਸਿਕੰਦਰ ਸਿੰਘ, ਵਿਕਰਮਜੀਤ ਸਿੰਘ, ਨਛੱਤਰ ਸਿੰਘ ਧਮੂ, ਬਲਰਾਜ ਸਿੰਘ ਸੱਦਲ, ਬਲਕਰਨ ਸਿੰਘ ਰਾਮਗੜ੍ਹੀਆ, ਗੁਰਮੀਤ ਸਿੰਘ, ਗੁਰਸੇਵਕ ਸਿੰਘ ਆਦਿ ਸ਼ਾਮਿਲ ਹੋਏ।

# ਦਲਜੀਤ ਸਿੰਘ ਵਡਾਲੀ ਨੇ ਰਾਹੁਲ ਗਾਂਧੀ ਵੱਲੋਂ ਅਮਰੀਕਾ 'ਚ ਮੋਦੀ ਸਰਕਾਰ ਖ਼ਿਲਾਫ਼ ਉਠਾਈ ਆਵਾਜ਼ ਦਾ ਕੀਤਾ ਸਵਾਗਤ

**ਆਜ਼ਾਦ ਸੋਚ**
**ਸੁਖਰਾਜ ਸਿੰਘ**
**ਨਵੀਂ ਦਿੱਲੀ, 13 ਸਤੰਬਰ**
========================

ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦਿੱਲੀ ਪ੍ਰਦੇਸ਼ ਦੇ ਸਾਬਕਾ ਪ੍ਰਧਾਨ ਸ. ਦਲਜੀਤ ਸਿੰਘ ਵਡਾਲੀ ਨੇ ਕਿਹਾ ਕਿ ਭਾਰਤ ਦੇਸ਼ ਦੀ ਮੌਜੂਦਾ ਬੀ.ਜੇ.ਪੀ (ਆਰ.ਐਸ.ਐਸ) ਦੀ ਸਰਕਾਰ ਵੱਲੋਂ ਜੋ ਕੌਮਾਂਤਰੀ ਪਾਲਸੀ ਨੂੰ ਤੋੜ ਕੇ ਦੇਸ਼ ਤੇ ਦੂਜੇ ਮੁਲਕਾਂ 'ਚ ਸਿੱਖਾਂ ਨੂੰ ਨਿਸ਼ਾਨਾਂ ਬਣਾਉਣ ਦੇ ਮਨੁੱਖਤਾ ਵਿਰੋਧੀ ਅਮਲ ਹੋਏ ਹਨ, ਉਸ ਨਾਲ ਰਾਹੁਲ ਗਾਂਧੀ ਨੇ ਸਹਿਮਤੀ ਪ੍ਰਗਟਾਈ ਹੈ, ਇਹ ਕਦਮ ਮਨੁੱਖੀ ਕਦਰਾਂ ਕੀਮਤਾਂ ਨੂੰ ਕਾਇਮ ਰੱਖਣ ਲਈ ਬਿਲਕੁਲ ਦਰੁਸਤ ਹਨ।ਜਿਸ ਦਾ ਅਸੀਂ ਸਵਾਗਤ ਕਰਦੇ ਹਾਂ ਪਰ ਜਦੋਂ ਵੀ ਦੇਸ਼ 'ਚ ਸਿੱਖਾਂ ਉਤੇ ਜ਼ਬਰ ਜ਼ੁਲਮ, ਕਤਲੇਆਮ ਹੋਇਆ, ਉਸ ਵਿਚ ਬੀ.ਜੇ.ਪੀ (ਆਰ.ਐਸ.ਐਸ), ਕਾਂਗਰਸ ਤੇ ਹੋਰ ਹਿੰਦੂਤਵ ਜਮਾਤਾਂ ਘਿਓ-ਖਿਚੜੀ ਹੀ ਰਹਿੰਦੀਆ ਰਹੀਆ ਹਨ, ਇਸ ਗੱਲ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ, ਕਿਉਂਕਿ ਜਦੋਂ ਬਲਿਊ ਸਟਾਰ ਦਾ ਫ਼ੌਜੀ ਹਮਲਾ ਹੋਇਆਂ ਤਾਂ ਮਰਹੂਮ ਇੰਦਰਾ ਗਾਂਧੀ ਨੂੰ ਅਟਲ ਬਿਹਾਰੀ ਵਾਜਪਾਈ ਵੱਲੋਂ ਦੁਰਗਾ ਮਾਤਾ ਦਾ ਖਿਤਾਬ ਦੇ ਕੇ ਸਨਮਾਨਿਆ ਗਿਆ ਅਤੇ ਐਲ.ਕੇ. ਅਡਵਾਨੀ ਨੇ ਕਿਹਾ ਸੀ ਕਿ ਇਹ ਹਮਲਾ ਛੇ ਮਹੀਨੇ ਪਹਿਲਾਂ ਹੋਣਾ ਚਾਹੀਦਾ ਸੀ।ਜਿਸ ਤੋਂ ਸਿੱਖਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਮਾਰਨ ਦੀ ਪਾਲਸੀ ਵਿਚ ਇਕਮਿਕ ਹੋਣ ਦੀ ਗੱਲ ਪ੍ਰਤੱਖ ਨਜ਼ਰ ਆ ਰਹੀ ਹੈ।ਸ. ਦਲਜੀਤ ਸਿੰਘ ਵਡਾਲੀ ਨੇ ਕਿਹਾ ਕਿ ਕਾਂਗਰਸੀ ਆਗੂ ਰਾਹੁਲ ਗਾਂਧੀ ਵੱਲੋਂ ਆਪਣੇ ਅਮਰੀਕਾ ਦੌਰੇ ਮੌਕੇ ਮੌਜੂਦਾ ਬੀ.ਜੇ.ਪੀ (ਆਰ.ਐਸ.ਐਸ) ਦੀ ਮੋਦੀ ਸਰਕਾਰ ਦੀਆਂ ਸਾਜਿਸਾਂ ਰਾਹੀ ਆਜ਼ਾਦੀ ਚਾਹੁੰਣ ਵਾਲੇ ਸਿੱਖਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਮਾਰਨ ਦੇ ਵਿਰੁੱਧ ਉਠਾਈ ਗਈ ਆਵਾਜ ਅਤੇ ਅਮਰੀਕਾ ਦੀ ਪ੍ਰਭੂਸਤਾ-ਮੁਨਰੋ ਡਾਕਟਰੀਨ ਨੂੰ ਤੋੜਨ ਵਿਰੁੱਧ ਲਏ ਸਟੈਂਡ ਦਾ ਅਸੀਂ ਸਵਾਗਤ ਕਰਦੇ ਹਾਂ।ਸ. ਦਲਜੀਤ ਸਿੰਘ ਵਡਾਲੀ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਉਸ ਤਰ੍ਹਾਂ ਤਾਂ ਸਿੱਖਾਂ ਦੀ ਹਿਮਾਤੀ ਬਣਦੀ ਹੈ ਪਰ ਬੀਤੇ ਪਿਛਲੇ ਦਿਨੀਂ ਦਿੱਲੀ ਹਵਾਈ ਅੱਡੇ ਤੇ ਕੁਝ ਕਿਸਾਨ ਆਗੂਆਂ ਨੂੰ ਕਿਰਪਾਨ ਪਹਿਨਣ ਕਰਕੇ ਹਵਾਈ ਜਹਾਜ ਵਿੱਚ ਸਫ਼ਰ ਨਹੀਂ ਸੀ ਕਰਨ ਦਿੱਤਾ ਗਿਆ, ਉਸ ਵੇਲੇ ਬੀ.ਜੇ.ਪੀ ਆਗੂ ਹਰਦੀਪ ਸਿੰਘ ਪੁਰੀ, ਮਨਜਿੰਦਰ ਸਿੰਘ ਸਿਰਸਾ ਤੇ ਆਰ.ਪੀ ਸਿੰਘ ਵਰਗੇ ਕਿਥੇ ਸਨ, ਉਦੋਂ ਕਿਉਂ ਨਹੀ ਕੁਝ ਬੋਲੇ, ਜਦਕਿ ਦੇਸ਼ ਵਿੱਚ ਸਫਰ ਕਰਨ ਲਈ ਸਿੱਖ ਕਿਰਪਾਨ ਪਾ ਸਕਦੇ ਹਨ।



# ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ਼ਾਹਦਰਾ ਵਿਖੇ ਸਾਰਾਗੜ੍ਹੀ ਯੁੱਧ ਦੀ ਯਾਦ ਮਨਾਈ



**ਸੁਖਰਾਜ ਸਿੰਘ**
**ਨਵੀਂ ਦਿੱਲੀ, 13 ਸਤੰਬਰ**
========================

ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਲੋਨੀ ਰੋਡ ਸ਼ਾਹਦਰਾ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਚੇਅਰਮੈਨ ਸ. ਪਰਵਿੰਦਰ ਸਿੰਘ ਲੱਕੀ, ਸੀਨੀਅਰ ਵਾਈਸ ਚੇਅਰਮੈਨ ਸ. ਦਲਵਿੰਦਰ ਸਿੰਘ ਅਤੇ ਮੈਨੇਜਰ ਕਮ-ਪ੍ਰਿੰਸੀਪਲ ਸਤਿਬੀਰ ਸਿੰਘ ਵੱਲੋਂ ਜਿੱਥੇ ਅਕਾਦਮਿਕ ਖੇਤਰ 'ਚ ਨਿਵੇਕਲੇ ਕਾਰਜ ਕੀਤੇ ਜਾ ਰਹੇ, ਉੱਥੇ ਹੀ ਸਕੂਲੀ ਵਿਦਿਆਰਥੀਆਂ ਨੂੰ ਆਪਣੇ ਗੌਰਵਮਈ ਵਿਰਸੇ ਨਾਲ ਜੋੜਨ ਵਾਸਤੇ ਵੀ ਸਮੇਂ-ਸਮੇਂ ਤੇ ਉਪਰਾਲੇ ਕੀਤੇ ਜਾਂਦੇ ਹਨ।ਇਸੇ ਲੜੀ ਦੇ ਤਹਿਤ ਸਕੂਲ 'ਚ ਸਾਰਾਗੜ੍ਹੀ ਜੰਗ ਦੀ ਯਾਦ ਮਨਾਈ ਗਈ।ਪ੍ਰੋ ?ਗਰਾਮ ਦੀ ਆਰੰਭਤਾ ਮੂਲ ਮੰਤਰ ਰਾਹੀਂ ਕੀਤੀ ਗਈ ਉਪਰੰਤ ਪ੍ਰਿੰਸੀਪਲ ਸ. ਸਤਿਬੀਰ ਸਿੰਘ ਨੇ ਕਿਹਾ ਕਿ ਸਾਰਾਗੜ੍ਹੀ ਦੀ ਲੜਾਈ ਵਿੱਚ ਸਿੱਖ ਫ਼ੌਜੀਆਂ ਦੀ ਬਹਾਦਰੀ ਦੇ ਕਾਰਨਾਮਿਆਂ ਨੇ ਇੱਕ ਨਵਾਂ ਇਤਿਹਾਸ ਰਚ ਦਿੱਤਾ।ਘੱਟ ਗਿਣਤੀ ਵਿੱਚ ਹੋਣ ਦੇ ਬਾਵਜੂਦ, ਜਿਸ ਦਲੇਰੀ ਤੇ ਬਹਾਦਰੀ ਨਾਲ ਸਿੱਖ ਫ਼ੌਜੀਆਂ ਨੇ ਅਫ਼ਗਾਨੀ ਕਬਾਇਲੀਆਂ ਦੇ ਦੰਦ ਖੱਟੇ ਕੀਤੇ, ਉਸ ਨਾਲ ਸਿੱਖਾਂ ਸਗੋਂ ਅੰਗਰੇਜ਼ ਜਰਨੈਲਾਂ ਨੂੰ ਸਿੱਖਾਂ ਦੀ ਬਹਾਦਰੀ ਦੀ ਈਨ ਮੰਨਣ ਲਈ ਵੀ ਮਜ਼ਬੂਰ ਹੋਣਾ ਪਿਆ। ਚੇਅਰਮੈਨ ਪਰਵਿੰਦਰ ਸਿੰਘ ਲੱਕੀ ਵੱਲੋਂ ਇਸ ਮੌਕੇ ਵਿਦਿਆਰਥੀਆਂ ਨੂੰ ਭੇਜੇ ਲਿਖਤੀ ਸੁਨੇਹੇ 'ਚ ਦੱਸਿਆ ਗਿਆ ਸਕੂਲ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਸੂਰਬੀਰ ਸਿੱਖਾਂ ਦੀ ਬਹਾਦਰੀ ਤੋਂ ਜਾਣੂੰ ਕਰਾਉਣਾ ਸਾਡਾ ਮੁਢਲਾ ਫ਼ਰਜ਼ ਹੈ।ਸਾਨੂੰ ਆਪਣੇ ਗੌਰਵਸ਼ਾਲੀ ਇਤਿਹਾਸ ਤੇ ਮਾਣ ਕਰਨਾ ਚਾਹੀਦਾ ਹੈ। ਸੀਨੀਅਰ ਵਾਈਸ ਚੇਅਰਮੈਨ ਦਲਵਿੰਦਰ ਸਿੰਘ ਦੇ ਅਨੁਸਾਰ ਯੂਨੈਸਕੋ ਨੇ 2500 ਸਾਲਾਂ ਵਿੱਚ ਲੜੀਆਂ ਗਈਆਂ ਲੜਾਈਆਂ ਵਿੱਚ 7 ਮਹੱਤਵਪੂਰਨ ਲੜਾਈਆਂ ਅੰਦਰ ਸਾਰਾਗੜ੍ਹੀ ਦੀ ਲੜਾਈ ਨੂੰ ਸ਼ਾਮਲ ਕੀਤਾ, ਤਾਂਕਿ ਬੱਚਿਆਂ ਨੂੰ ਆਪਣੇ ਗੌਰਵਸ਼ਾਲੀ ਇਤਿਹਾਸ ਨਾਲ ਜੁੜਣ ਦਾ ਮੌਕਾ ਮਿਲੇ।ਪ੍ਰੋ ?ਗਰਾਮ ਦੇ ਅਖੀਰ ਵਿੱਚ ਸਕੂਲ ਦੀ ਵਾਈਸ ਪ੍ਰਿੰਸੀਪਲ ਮੈਡਮ ਸਤਨਾਮ ਕੌਰ ਵੱਲੋਂ ਭਵਿੱਖ 'ਚ ਆਪਣੀ ਵਚਨਬੱਧਤਾ ਦੁਹਰਾਈ।ਇਸ ਮੌਕੇ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੂੰ ਸਾਰਾਗੜ੍ਹੀ ਨਾਲ ਸੰਬੰਧਤ 'ਡਾਕੂਮੈਂਟਰੀ' ਫਿਲਮ ਵਿਖਾਈ ਗਈ। ਸਕੂਲੀ ਵਿਦਿਆਰਥੀਆਂ ਨੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਨਾਲ ਸਾਰਾਗੜ੍ਹੀ ਦੇ ਯੋਧਿਆਂ ਨੂੰ ਆਪਣੀ ਅਕੀਦਤ ਭੇਟ ਕੀਤੀ।ਪੰਜਾਬੀ ਵਿਭਾਗ ਦੇ ਮੁੱਖੀ ਪ੍ਰਕਾਸ਼ ਸਿੰਘ ਗਿੱਲ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਸਿੱਖ ਧਰਮ ਦੇ ਅਨੁਆਈਆਂ 'ਚ ਇਹ ਗੁਣ ਹੈ ਕਿ ਜਿਸ ਅਦਾਰੇ 'ਚ ਵੀ ਨੌਕਰੀ ਕਰਦੇ ਹਨ ਉਸ ਪ੍ਰਤੀ ਪੂਰੀ ਤਰ੍ਹਾਂ ਨਾਲ ਵਫ਼ਾਦਾਰ ਰਹਿੰਦੇ ਹਨ ਫੇਰ ਭਾਵੇਂ ਉਹਨਾਂ ਨੂੰ ਆਪਣੀ ਜਾਨ ਹੀ ਕੁਰਬਾਣ ਕਿਉਂ ਨਾ ਕਰਨੀ ਪਵੇ।ਉਹਨਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ 21 ਸਿੱਖ ਸ਼ਹੀਦਾਂ ਦੀ ਸ਼ਹਾਦਤ ਬਾਰੇ ਜਦੋਂ ਇੰਗਲੈਂਡ ਦੇ ਸੰਸਦ ਮੈਂਬਰਾਂ ਨੂੰ ਪਤਾ ਲੱਗਿਆ ਤਾਂ ਉਹਨਾਂ ਵੱਲੋਂ ਇਹਨਾਂ ਸ਼ਹੀਦਾਂ ਨੂੰ ਸਤਿਕਾਰ ਵਜੋਂ 'ਸਟੈਂਡਿੰਗ ਓਬੇਸਨ' ਦਿੱਤੀ ਗਈ।ਬ੍ਰਿਟਿਸ਼ ਸਰਕਾਰ ਵੱਲੋਂ ਇਹਨਾਂ ਸਾਰੇ ਫੌਜੀਆਂ ਨੂੰ 'ਇੰਡੀਅਨ ਆਰਡਰ ਆਫ ਮੈਰਿਟ' ਦਾ ਅਵਾਰਡ ਦੇ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

**• ਸ਼ਹਾਦਤਾਂ ਦੀ ਗੁੜ੍ਹਤੀ ਸਿੱਖ ਕੌਮ ਨੂੰ ਵਿਰਸੇ ਵਿੱਚ ਮਿਲੀ: ਪ੍ਰਿੰਸੀਪਲ ਸਤਿਬੀਰ ਸਿੰਘ • ਸਾਡਾ ਮੁੱਢਲਾ ਫ਼ਰਜ਼ ਵਿਦਿਆਰਥੀਆਂ ਨੂੰ ਸਿੱਖਾਂ ਦੀ ਬਹਾਦਰੀ ਬਾਰੇ ਦੱਸਣਾ: ਪਰਵਿੰਦਰ ਲੱਕੀ**

# ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਦੀ ਯਾਦ 'ਚ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਕਰਵਾਇਆ ਗੁਰਮਤਿ ਸਮਾਗਮ

**ਆਜ਼ਾਦ ਸੋਚ**
**ਸੁਖਰਾਜ ਸਿੰਘ/ਨਵੀਂ ਦਿੱਲੀ, 13 ਸਤੰਬਰ**
========================

ਸਾਰਾਗੜ੍ਹੀ ਜੰਗ ਦੀ 127ਵੀਂ ਵਰ੍ਹੇਗੰਢ ਮੌਕੇ ਇਥੇ ਸਥਿਤ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਗੁਰਮਤਿ ਸਮਾਗਮ ਕੀਤਾ ਗਿਆ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਰੂਪ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਨੇ ਕਥਾ ਵਿਚਾਰਾਂ ਕੀਤੀਆਂ। ਗਿਆਨੀ ਗੁਰਮਿੰਦਰ ਸਿੰਘ ਨੇ ਸਾਰਾਗੜ੍ਹੀ ਜੰਗ ਦੇ ਸ਼ਹੀਦ ਸਿੱਖ ਫ਼ੌਜੀਆਂ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਇਸ ਜੰਗ ਦੇ ਸ਼ਹੀਦ ਸਿੱਖ ਫ਼ੌਜੀ ਦ੍ਰਿੜ੍ਹਤਾ ਤੇ ਸਮਰਪਣ ਦੀ ਸਿਖਰਲੀ ਮਿਸਾਲ ਸਨ, ਅੱਜ ਵੀ ਇਨ੍ਹਾਂ ਬਹਾਦਰਾਂ ਸਿੱਖਾਂ ਦੀ ਲਾਸਾਨੀ ਕੁਰਬਾਨੀ ਨੂੰ ਵਿਸ਼ਵ ਭਰ ਵਿਚ ਯਾਦ ਕੀਤਾ ਜਾਂਦਾ ਹੈ।ਇਸ ਮੌਕੇ ਸਾਰਾਗੜ੍ਹੀ ਜੰਗ ਦੇ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਵਧੀਕ ਮੈਨੇਜਰ ਸ. ਬਿਕਰਮਜੀਤ ਸਿੰਘ ਝੰਗੀ, ਗੁਰਦੁਆਰਾ ਸਾਰਾਗੜ੍ਹੀ ਸਾਹਿਬ ਦੇ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਤੇ ਭਾਈ ਜਸਪਾਲ ਸਿੰਘ ਤੋਂ ਇਲਾਵਾ ਸਾਰਾਗੜ੍ਹੀ ਦੇ ਸ਼ਹੀਦਾਂ ਦੇ ਪਰਿਵਾਰਾਂ ਵਿੱਚੋਂ ਸ. ਰਣਜੀਤ ਸਿੰਘ, ਸ. ਮਹਿੰਦਰ ਸਿੰਘ, ਬੀਬੀ ਸੰਤੋਸ਼ ਕੌਰ, ਬੀਬੀ ਅਵਨੀਤ ਕੌਰ, ਬੀਬੀ ਸਿਮਰਜੀਤ ਕੌਰ ਅਤੇ 4 ਸਿੱਖ ਰੈਜੀਮੈਂਟ ਵੱਲੋਂ ਸ. ਗੁਰਪ੍ਰੀਤ ਸਿੰਘ, ਸ. ਰਾਮ ਸਿੰਘ ਆਦਿ ਹਾਜ਼ਰ ਸਨ।



# ਬਾਂਸਲ ਪਰਿਵਾਰ ਵਲੋਂ ਭਗਵਾਨ ਗਣਪਤੀ ਦੀ ਮੂਰਤੀ ਕੀਤੀ ਜਲ ਵਿਸਰਜਨ



**ਆਜ਼ਾਦ ਸੋਚ**
**ਰਾਜਿੰਦਰ ਫ਼ਤਿਹਪੁਰ/ਸੰਜੇ ਬਾਂਸਲ/ਸਮਾਣਾ , 13 ਸਤੰਬਰ**
========================

ਸ਼੍ਰੀ ਗਣਪਤੀ ਉਤਸਵ ਦੇ ਚਲਦਿਆਂ ਲਲਿਤ ਬਾਂਸਲ (ਲੁਕੇਸ਼) ਅਤੇ ਹੰਸ ਰਾਜ ਬਾਂਸਲ ਦੇ ਗ੍ਰਹਿ ਵਿਖੇ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਗਣਪਤੀ ਉਤਸਵ ਪ੍ਰੋਗਰਾਮ ਕਰਵਾਇਆ ਗਿਆ । ਜਿੱਥੇ ਰੋਜ਼ਾਨਾ ਗਣਪਤੀ ਜੀ ਦੀ ਪੂਜਾ ਅਰਚਨਾ ਕੀਤੀ ਗਈ । ਇਸ ਚੱਲ ਰਹੇ ਸ਼ ?ਗੀ ਗਣੇਸ਼ ਉਤਸਵ ਦੇ ਆਖਰੀ ਦਿਨ, ਸ਼੍ਰੀ ਗਣੇਸ਼ ਜੀ ਦੀ ਪੂਜਾ ਅਰਚਨਾ ਕਰਨ ਉਪਰੰਤ ਗਣਪਤੀ ਦੀ ਸਥਾਪਤ ਕੀਤੀ ਗਈ ਮੂਰਤੀ ਦਾ ਸਥਾਨਕ ਭਾਖੜਾ ਨਹਿਰ ਵਿਖੇ ਵਿਸਰਜਨ ਕਰ ਦਿੱਤਾ ਗਿਆ। ਇਸ ਮੌਕੇ ਬਿਸਾਖੀ ਰਾਮ, ਪ੍ਰਿੰਸ ਕੁਮਾਰ , ਖੇਮ ਚੰਦ ਅਤੇ ਹੋਰ ਸੰਗਤਾਂ ਵੀ ਮੌਜੂਦ ਸਨ।

# ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ ਕਿਲਾ ਰਹਿਮਤਗੜ੍ਹ ਦੇ ਵਿਦਿਆਰਥੀ ਰਾਜ ਪੱਧਰ ਤੇ ਕਰਾਟਿਆਂ ਦੇ ਮੁਕਾਬਲਿਆਂ ਲਈ ਚੁਣੇ

**ਆਜ਼ਾਦ ਸੋਚ**
**ਸ਼ਾਹਿਦ ਜ਼ੁਬੈਰੀ/ਮਲੇਰਕੋਟਲਾ , 13 ਸਤੰਬਰ**
========================

ਸਥਾਨ ਸੀਤਾ ਗ੍ਰਾਮਰ ਸਕੂਲ ਵਿੱਚ ਹੋਏ ਕਰਾਟੇ ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ, ਕਿਲ੍ਹਾ ਰਹਿਮਤਗੜ੍ਹ ਦੇ ਦੋ ਵਿਦਿਆਰਥੀ ਰਾਜ ਪੱਧਰ ਤੇ ਖੇਡਣ ਲਈ ਚੁਣੇ ਗਏ ਹਨ। ਅੰਡਰ-17 ਵਰਗ ਦੇ ਇਨ੍ਹਾਂ ਮੁਕਾਬਲਿਆਂ ਵਿੱਚ ਚੁਣੇ ਗਏ ਵਿਦਿਆਰਥੀਆਂ ਦੇ ਨਾਮ ਮੁਬੀਨ ਪੁੱਤਰੀ ਮੁਹੰਮਦ ਹਨੀਫ਼ (ਜਮਾਤ 9ਵੀਂ) ਅਤੇ ਅਨਹਾ ਪੁੱਤਰੀ ਅਬਦੁਲ ਰਸ਼ੀਦ (ਜਮਾਤ 12ਵੀਂ) ਹਨ। ਇਨ੍ਹਾਂ ਵਿਦਿਆਰਥੀਆਂ ਨੂੰ ਖੇਡਾਂ ਲਈ ਤਿਆਰ ਕਰਨ ਵਿੱਚ ਸਕੂਲ ਅਧਿਆਪਕ ਅਤੇ ਸਕੂਲ ਪ੍ਰਬੰਧਕੀ ਕਮੇਟੀ ਮੈਂਬਰਾਂ ਹਾਸ਼ਮ ਅਲੀ, ਅਲਜਮਾ ਖ਼ਾਨ, ਮੁਹੰਮਦ ਇਲਯਾਸ ਅਤੇ ਬਬਲੀ ਮੈਡਮ ਦਾ ਅਹਿਮ ਯੋਗਦਾਨ ਰਿਹਾ ਹੈ। ਕਮੇਟੀ ਮੈਂਬਰ ਮੁਹੰਮਦ ਇਲਯਾਸ ਖੁਦ ਖਿਡਾਰੀਆਂ ਨੂੰ ਵੱਖ ਵੱਖ ਖੇਡਾਂ ਲਈ ਕੋਚਿੰਗ ਦੇ ਰਹੇ ਹਨ।ਸਕੂਲ ਦੇ ਮਾਨਯੋਗ ਪ੍ਰਿੰਸੀਪਲ ਨੇ ਵਿਦਿਆਰਥੀਆਂ, ਮਾਪਿਆਂ ਅਤੇ ਸਕੂਲ ਸਟਾਫ਼ ਨੂੰ ਵਧਾਈਆਂ ਦਿੰਦਿਆਂ ਕਿਹਾ ਹੈ ਕਿ ਸਕੂਲ ਪ੍ਰਬੰਧਕੀ ਕਮੇਟੀ ਦੀ ਅਗਵਾਈ ਵਿੱਚ ਸਕੂਲ ਲਗਾਤਾਰ ਤਰੱਕੀ ਕਰ ਰਿਹਾ ਹੈ। ਵਿਦਿਆਰਥੀ ਪੜ੍ਹਾਈ ਅਤੇ ਖੇਡਾਂ ਦੇ ਖੇਤਰ ਵਿੱਚ ਚੰਗਾ ਯੋਗਦਾਨ ਦਿਖਾਉਂਦੇ ਆ ਰਹੇ ਹਨ। ਯਾਦ ਰਹੇ ਕਿ ਇਸ ਤੋਂ ਪਹਿਲਾਂ ਕਿੱਕ ਬੌਕਸ ਵਿੱਚ ਵੀ 11 ਵਿਦਿਆਰਥੀ ਰਾਜ ਪੱਧਰ ਤੇ ਖੇਡਣ ਲਈ ਚੁਣੇ ਗਏ ਸਨ।



# ਐਸਬੀਪੀ ਗਰੁੱਪ ਵੱਲੋਂ ਆਪਣਾ ਨਵਾਂ ਪ੍ਰੋਜੈਕਟ 'ਐਸਬੀਪੀ ਸੁਪਰ ਟ੍ਰੀ' ਲਾਂਚ

## ਸੁੱਪਨਿਆਂ ਦਾ ਘਰ ਖ੍ਰੀਦਣ ਲਈ ਗ੍ਰਾਹਕਾਂ ਨੂੰ ਰਹਿੰਦਾ ਨਵੇਂ ਪ੍ਰੋਜੈਕਟ ਦਾ ਇੰਤਜਾਰ : ਅਮਨ ਸਿੰਗਲਾ




**ਆਜ਼ਾਦ ਸੋਚ**
**ਜਗਵਿੰਦਰ ਸਿੰਘ**
**ਖਰੜ , 13 ਸਤੰਬਰ**
========================

ਨੰਬਰ 1 ਹਾਊਸਿੰਗ ਕੰਪਨੀ ਐਸਬੀਪੀ ਸਮੂਹ ਵੱਲੋਂ ਆਪਣਾ ਨਵਾਂ ਪ੍ਰੋਜੈਕਟ ਐਸਬੀਪੀ ਸੁਪਰ ਟ੍ਰੀ ਸੈਕਟਰ 127 ਖਰੜ ( ਮੋਹਾਲੀ) ਵਿਖੇ ਲਾਂਚ ਕੀਤਾ ਗਿਆ ਹੈ। ਇਸ ਸਬੰਧੀ ਹੋਏ ਸਮਾਗਮ ਵਿੱਚ ਕੰਪਨੀ ਦੇ ਸੀਐਮਡੀ ਅਮਨ ਸਿੰਗਲਾ ਨੇ ਕਿਹਾ, "ਐਸਬੀਪੀ ਸਮੂਹ ਦਾ ਇਹ ਵਾਧਾ ਸਾਡੇ ਸਤਿਕਾਰਤ ਚੈਨਲ ਭਾਈਵਾਲਾਂ ਦੇ ਸਹਿਯੋਗ ਤੋਂ ਬਿਨਾਂ ਸੰਭਵ ਨਹੀਂ ਸੀ, ਉਹਨਾਂ ਸਾਰੇ ਕਰਮਚਾਰੀਆਂ ਨੂੰ ਵੀ ਵਧਾਈ ਦਿੱਤੀ ਜਿਨ੍ਹਾਂ ਨੇ ਸਖ਼ਤ ਮਿਹਨਤ ਨਾਲ ਇਸ ਪ੍ਰਾਜੈਕਟ ਲਈ ਕੰਮ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਵਿੱਚ 2 ਅਤੇ ਬੀਐਚਕੇ ਸੁਪਰ ਲਗਜ਼ਰੀ ਫਲੈਟ ਹਨ।

ਕੰਪਨੀ ਨੇ ਇਸ ਪ੍ਰੋਜੈਕਟ ਵਿੱਚ ਨਵੀਆਂ ਤਕਨੀਕਾਂ ਅਤੇ ਕਾਢਾਂ ਦੀ ਵਰਤੋਂ ਕੀਤੀ ਹੈ ਜੋ ਇਸਨੂੰ ਵਿਸ਼ੇਸ਼ ਬਣਾਉਂਦੀ ਹੈ। ਐਸਬੀਪੀ ਸਮੂਹ ਨੇ ਪਿਛਲੇ 16 ਸਾਲਾਂ ਵਿੱਚ 12,000 ਤੋਂ ਵੱਧ ਘਰਾਂ ਦੀ ਡਿਲੀਵਰੀ ਕੀਤੀ ਹੈ ਅਤੇ ਹੁਣ ਤੱਕ 28 ਤੋਂ ਵੱਧ ਸਫਲ ਪ੍ਰੋਜੈਕਟਾਂ ਨੂੰ ਪੂਰਾ ਕੀਤਾ ਹੈ। ਜਿਥੇ ਲੋਕ ਆਪਣੇ ਪਰਿਵਾਵਰਾਂ ਸਮੇਤ ਖੁਸ਼ੀ ਖੁਸੀ ਰਹਿ ਰਹੇ ਹਨ। ਕੰਪਨੀ ਦਾ ਟੀਚਾ 2038 ਤੱਕ 1 ਲੱਖ ਘਰਾਂ ਤੱਕ ਪਹੁੰਚਾਉਣ ਦਾ ਹੈ।ਕੰਪਨੀ ਨਾਲ ਜੁੜੇ ਭਾਈਵਾਲਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਗਰੁੱਪ ਨੇ ਆਪਣੇ ਵੱਕਾਰੀ ਚੈਨਲ ਭਾਈਵਾਲਾਂ ਅਤੇ ਨਿਵੇਸ਼ਕਾਂ ਲਈ ਵਿਸ਼ੇਸ਼ ਸਮਾਗਮ 'ਐਸਬੀਪੀ ਸੁਪਰ ਨਾਈਟ' ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਨੂੰ ਸ਼ਾਨੋ-ਸ਼ੌਕਤ ਨਾਲ ਪੇਸ਼ ਕਰਨ ਲਈ ਪੇਸ਼ੇਵਰ ਮਾਡਲਾਂ ਨੇ ਰੈਂਪ ਵਾਕ ਕੀਤਾ ਅਤੇ ਮਸ਼ਹੂਰ ਗਾਇਕ ਬ੍ਰਿਜਵਾਸੀ ਬ੍ਰਦਰਜ਼ ਨੇ ਆਪਣੀ ਸ਼ਾਨਦਾਰ ਪੇਸ਼ਕਾਰੀ ਨਾਲ ਇਸ ਦਾ ਆਨੰਦ ਵਧਾਇਆ । ਬੁਲਾਰੇ ਨੇ ਸਮਾਗਮ ਦੀ ਸਮਾਪਤੀ ਮੌਕੇ ਸਾਰਿਆਂ ਦਾ ਧੰਨਵਾਦ ਵੀ ਕੀਤਾ ।

# ਲੋਕਾਂ ਦਾ ਸਹਿਯੋਗ ਲੈ ਕੇ ਪੰਜਾਬ ਨੂੰ ਕਰਜ਼ਾ ਮੁਕਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇ: ਇੰਜ. ਸਿੱਧੂ

ਨਵੀਂ ਦਿੱਲੀ, 13 ਸਤੰਬਰ (ਸੁਖਰਾਜ ਸਿੰਘ): ਪਿੱਛਲੇ ਇੱਕ ਮਹੀਨੇ ਤੋਂ ਪੰਜਾਬ ਦੀ ਮੌਜ਼ੂਦਾ ਸਰਕਾਰ ਪੰਜਾਬ ਦੇ ਲੋਕਾਂ ਤੇ ਸਿੱਧੇ ਜਾ ਅਸਿੱਧੇ ਢੰਗ ਨਾਲ ਟੈਕਸ ਤੇ ਜੁਰਮਾਨੇ ਲਗਾ ਰਹੀ ਹੈ, ਕਿਉਕਿ ਪੰਜਾਬ ਸਰਕਾਰ ਦਾ ਖ਼ਜਾਨਾ ਖਾਲੀ ਖ਼ੜਕ ਰਿਹਾ ਹੈ ਪਰ ਦੂਜੇ ਪਾਸੇ ਮੁੱਖ ਮੰਤਰੀ ਹਰਿਆਣੇ 'ਚ ਜਾ ਕੇ ਉੱਥੇ ਦੇ ਲੋਕਾਂ ਨੂੰ ਲਭਾਉਣ ਲਈ ਵੱਡੇ-ਵੱਡੇ ਝੂਠ ਦੇ ਕੁਫ਼ਰ ਤੋਲ ਰਹੇ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਭਾਜਪਾ ਦੇ ਸੀਨੀਅਰ ਆਗੂ ਅਤੇ ਹਲਕਾ ਇੰਚਾਰਜ ਭਦੌੜ ਇੰਜ. ਗੁਰਜਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਆਪ ਸਰਕਾਰ ਨੇ ਹਰ ਇਕ ਸਕੀਮ 'ਤੇ ਪੰਜਾਬ 'ਚ ਯੂ-ਟਰਨ ਮਾਰਿਆ ਹੈ, ਬਹੁਤ ਜਲਦੀ ਆਮ ਆਦਮੀ ਕਲੀਨਕਾਂ ਤੇ ਵੀ ਯੂ-ਟਰਨ ਮਾਰਨ ਵਾਲੀ ਹੈ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਹਰ ਇਕ ਸਟੇਜ ਤੋਂ ਬੋਲਦੇ ਹਨ ਕਿ ਨੌਜਵਾਨ ਵਦੇਸ਼ਾ ਤੋਂ ਵਾਪਿਸ ਪਰਤ ਰਹੇ ਹਨ ਜਾ ਜਾਣ ਤੋਂ ਮਨਾ ਕਰ ਰਹੇ ਹਨ, ਇਸ ਦਾ ਮੁੱਖ ਕਾਰਨ ਕਨੇਡਾ, ਆਸਟਰੇਲੀਆ, ਇੰਗਲੈਂਡ, ਅਮਰੀਕਾ ਵਰਗੇ ਦੇਸ਼ਾਂ ਨੇ ਆਪਣੇ ਇੰਮੀਗ੍ਰੇਸ਼ਨ ਕਾਨੂੰਨ ਸਖ਼ਤ ਕਰ ਦਿੱਤੇ ਹਨ ਅਤੇ ਲੱਖਾਂ ਬੱਚਿਆ ਦੇ ਵੀਜ਼ੇ ਮਨਾ ਹੋ ਗਏ ਹਨ। ਇੰਜ. ਸਿੱਧੂ ਨੇ ਕਿਹਾ ਕਿ ਆਪ ਸਰਕਾਰ ਜੀ ਅਸਲੀਅਤ ਇਹ ਹੈ ਕਿ ਹਜ਼ਾਰਾ ਦੀ ਤਾਦਾਦ ਵਿੱਚ ਏਜੰਟ ਲੱਖਾਂ ਬੱਚਿਆਂ ਨੂੰ ਵਿਦੇਸ਼ ਭੇਜਣ ਦੇ ਨਾਂ ਤੇ ਕਰੋੜਾਂ ਰੁਪਏ ਹੜੱਪ ਗਏ, ਬੱਚੇ ਤੇ ਉਹਨਾਂ ਦੇ ਮਾਪੇ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ ਤੇ ਤੁਸੀ ਆਖ ਰਹੇ ਹੋ ਕਿ ਬੱਚੇ ਵਾਪਿਸ ਆ ਗਏ, ਰਾਜ ਦੀ ਕਾਨੂੰਨ ਵਿਵਸਥਾ ਹੁਣ ਤਕ ਦੇ ਇਤਿਹਾਸ ਦੀ ਸੱਭ ਤੋਂ ਮਾੜੀ ਹੈ, ਇੰਨੀ ਖਰਾਬ ਵਿਵਸਥਾ ਤਾਂ ਅਤਿਵਾਦ ਵੇਲੇ ਵੀ ਨਹੀਂ ਸੀ।



# ਬਿਜਲੀ ਮਹਿਕਮੇ ਨੇ ਮੁਲਾਜ਼ਮ ਜਥੇਬੰਦੀਆਂ ਦੀ ਹੜਤਾਲ ਦੇ ਬਾਵਜੂਦ ਦਿੱਤਾ ਨਿਰਵਿਘਨ ਬਿਜਲੀ ਸਪਲਾਈ ਦਾ ਭਰੋਸਾ : ਧੀਮਾਨ

## ਬਿਜਲੀ ਸਪਲਾਈ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕੀਤਾ ਸਪੈਸ਼ਲ ਟੀਮਾਂ ਦਾ ਗਠਨ- ਐਕਸ਼ੀਅਨ ਪੀ.ਐਸ.ਪੀ.ਸੀ.ਐਲ

**ਆਜ਼ਾਦ ਸੋਚ**
**ਸ਼ਾਹਿਦ ਜ਼ੁਬੈਰੀ/ਮਲੇਰਕੋਟਲਾ , 13 ਸਤੰਬਰ**
========================

ਪੰਜਾਬ ਭਰ ਵਿੱਚ ਬਿਜਲੀ ਕਰਮਚਾਰੀਆਂ ਦੀ ਜੁਆਇੰਟ ਫੋਰਮ ਅਤੇ ਹੋਰ ਮੁਲਾਜ਼ਮ ਜਥੇਬੰਦੀਆਂ ਵੱਲੋਂ ਚੱਲ ਰਹੀ ਸੂਬਾ ਪੱਧਰੀ ਹੜਤਾਲ ਕਰਕੇ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮਿਲ ਸਕੇ, ਇਸ ਲਈ ਉੱਚ ਅਧਿਕਾਰੀਆਂ ਨੇ ਸਪੈਸ਼ਲ ਟੀਮਾਂ ਦਾ ਗਠਨ ਕੀਤਾ ਹੈ। ਇਸ ਗੱਲ ਦੀ ਜਾਣਕਾਰੀ ਮਲੇਰਕੋਟਲਾ ਵੰਡ ਮੰਡਲ ਦੇ ਵਧੀਕ ਨਿਗਰਾਨ ਇੰਜੀਨੀਅਰ ਹਰਵਿੰਦਰ ਸਿੰਘ ਧੀਮਾਨ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਮੁਲਾਜ਼ਮ ਜਥੇਬੰਦੀਆਂ ਵਲੋਂ ਆਪਣੀ ਸੂਬਾ ਪੱਧਰੀ ਹੜਤਾਲ ਵਿੱਚ 17 ਸਤੰਬਰ ਤੱਕ ਦਾ ਵਾਧਾ ਕੀਤਾ ਹੈ। ਇਸ ਲਈ ਜ਼ਿਲ੍ਹੇ ਦੇ 66 ਕੇ.ਵੀ. ਗਰਿਡ ਸਬ ਸਟੇਸ਼ਨਾਂ ਉਪਰ ਵਧੀਨ ਨਿਗਰਾਨ ਇੰਜੀਨੀਅਰ, ਉਪ ਮੰਡਲ ਅਫ਼ਸਰ ਅਤੇ ਹੋਰ ਤਕਨੀਕੀ ਸਟਾਫ ਦੀ ਤਾਇਨਾਤੀ ਕੀਤੀ ਗਈ ਹੈ ਤਾਂ ਜੋ ਬਿਜਲੀ ਦੀ ਵੰਡ ਪ੍ਰਣਾਲੀ ਪ੍ਰਭਾਵਿਤ ਨਾ ਹੋਵੇ। ਇਸ ਤੋਂ ਇਲਾਵਾ ਸਪੈਸਲ ਟੀਮਾਂ ਦਾ ਗਠਨ ਵੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੀ.ਐੱਸ.ਪੀ.ਸੀ.ਐੱਲ. ਲੋਕਾਂ ਨੂੰ ਉਚ ਪੱਧਰੀ ਬਿਜਲੀ ਸੇਵਾਵਾਂ ਦੇਣ ਲਈ ਵਚਨਬੱਧ ਹੈ, ਜਿਸ ਤਹਿਤ ਬਿਜਲੀ ਮੁਲਾਜ਼ਮਾਂ ਦੀ ਹੜਤਾਲ ਦੇ ਬਾਵਜੂਦ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਅਤੇ ਉਹਨਾਂ ਦੀਆਂ ਮੁਸ਼ਕਲਾਂ ਦਾ ਫੌਰੀ ਹੱਲ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮਲੇਰਕੋਟਲਾ ਨਿਵਾਸੀਆਂ ਨੂੰ ਹੜਤਾਲ ਦੇ ਬਾਵਜੂਦ ਪਹਿਲਾਂ ਦੀ ਤ ?ਹਰਾਂ ਹੀ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ ਤਾਂ ਜੋ ਗਰਮੀ ਦੇ ਮੌਸਮ ਦੌਰਾਨ ਉਨ੍ਹਾਂ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਨਾ ਆਵੇ। ਉਨ੍ਹਾਂ ਜ਼ਿਲ੍ਹਾ ਨਿਵਾਸੀਆਂ ਨੂੰ ਕਿਹਾ ਕਿ ਬਿਜਲੀ ਦੀ ਸਪਲਾਈ ਪ੍ਰਭਾਵਿਤ ਹੋਣ ਤੇ ਹੈਲਪਲਾਈਨ ਨੰਬਰ 1912 ਜਾਂ 96461-18974 ਸੰਪਰਕ ਕਰਨ ਅਤੇ ਉਨ੍ਹਾਂ ਭਰੋਸਾ ਦਵਾਇਆ ਕਿ ਕਰਮਚਾਰੀਆਂ ਦੇ ਹੜਤਾਲ ਤੇ ਹੋਣ ਦੇ ਬਾਵਜੂਦ ਵੀ ਤਕਨੀਕੀ ਮਾਹਿਰਾਂ ਵਲੋਂ ਤੁਰੰਤ ਬਿਜਲੀ ਦੀ ਸਪਲਾਈ ਨੂੰ ਫੌਰੀ ਤੌਰ ਤੇ ਚਾਲੂ ਕੀਤਾ ਜਾਵੇਗਾ।



# ਨਗਰ ਕੌਂਸਲ ਜ਼ੀਰਕਪੁਰ ਦੇ ਕੰਮਾਂ ਦਾ ਜਾਇਜ਼ਾ ਲੈਣ ਲਈ ਵਿਧਾਨ ਸਭਾ ਦੀ ਸਥਾਨਕ ਸੰਸਥਾਵਾਂ ਕਮੇਟੀ ਨੇ ਕੀਤੀ ਮੀਟਿੰਗ

## ਵਿਧਾਇਕ ਰੰਧਾਵਾ ਨੇ ਸ਼ਹਿਰ ਦੇ ਵਿਕਾਸ ਦੀ ਯੋਜਨਾ ਬਣਾਉਣ ਲਈ ਕਮੇਟੀ ਅੱਗੇ ਰੱਖੀਆਂ ਅਹਿਮ ਮੰਗਾਂ

**ਆਜ਼ਾਦ ਸੋਚ**
**ਅਵਤਾਰ ਸੈਣੀ/ਜ਼ੀਰਕਪੁਰ, 13 ਸਤੰਬਰ**
========================

ਸ਼ੁੱਕਰਵਾਰ ਨੂੰ ਨਗਰ ਕੌਂਸਲ ਜ਼ੀਰਕਪੁਰ ਵਿਖੇ ਪੰਜਾਬ ਵਿਧਾਨ ਸਭਾ ਦੀ ਸਥਾਨਕ ਸੰਸਥਾਵਾਂ ਕਮੇਟੀ ਦੀ ਮੀਟਿੰਗ ਹੋਈ, ਜਿਸ ਦੀ ਪ੍ਰਧਾਨਗੀ ਸਭਾਪਤੀ ਗੁਰਪ੍ਰੀਤ ਬੱਸੀ ਗੋਗੀ ਨੇ ਕੀਤੀ। ਇਸ ਦੌਰਾਨ ਡੇਰਾਬਸੀ ਹਲਕੇ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਅਤੇ ਹੋਰ ਕਮੇਟੀ ਮੈਂਬਰ ਵੀ ਹਾਜ਼ਰ ਸਨ, ਜਿਨ੍ਹਾਂ ਨੇ ਜ਼ੀਰਕਪੁਰ ਨਗਰ ਕੌਂਸਲ ਦੀਆਂ ਵੱਖ-ਵੱਖ ਸਕੀਮਾਂ ਅਤੇ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਦੌਰਾਨ ਕਮੇਟੀ ਮੈਂਬਰਾਂ ਨੇ ਅਧਿਕਾਰੀਆਂ ਤੋਂ ਪੁੱਛਿਆ ਕਿ ਪਿਛਲੇ 3 ਸਾਲਾਂ ਵਿੱਚ ਵੱਖ-ਵੱਖ ਟੈਕਸਾਂ ਅਤੇ ਸਰੋਤਾਂ ਤੋਂ ਕਿੰਨਾ ਪੈਸਾ ਇਕੱਠਾ ਹੋਇਆ ਅਤੇ ਉਹ ਪੈਸਾ ਕਿੱਥੇ ਖਰਚਿਆ ਗਿਆ। ਇਸ ਸਮੇਂ ਸ਼ਹਿਰ ਵਿੱਚ ਕਿੰਨਾ ਕੰਮ ਚੱਲ ਰਿਹਾ ਹੈ, ਕਿੰਨਾ ਅਨੁਮਾਨ ਲਗਾਇਆ ਗਿਆ ਹੈ, ਤਾਜ਼ਾ ਸਥਿਤੀ ਕੀ ਹੈ। ਕਮੇਟੀ ਦੀ ਪਿਛਲੀ ਮੀਟਿੰਗ ਵਿੱਚ ਹੋਏ ਫੈਸਲੇ ਅਨੁਸਾਰ ਨਗਰ ਕੌਂਸਲ ਵੱਲੋਂ ਅਣ-ਅਧਿਕਾਰਤ ਕਲੋਨੀਆਂ ਸਬੰਧੀ ਕੀ ਕਾਰਵਾਈ ਕੀਤੀ ਗਈ ਹੈ ਅਤੇ ਅੱਜ ਤੱਕ ਸ਼ਹਿਰ ਵਿੱਚ ਅਣ-ਅਧਿਕਾਰਤ ਕਲੋਨੀਆਂ ਖ਼ ?ਲਾਫ਼ ਕੀ ਕਾਰਵਾਈ ਕੀਤੀ ਜਾ ਰਹੀ ਹੈ। ਕਮੇਟੀ ਨੇ ਇਹ ਵੀ ਜਾਣਿਆ ਕਿ ਸ਼ਹਿਰ ਵਿੱਚ ਇਸ ਸਮੇਂ ਕਿਹੜੇ-ਕਿਹੜੇ ਕੰਮ ਚੱਲ ਰਹੇ ਹਨ ਅਤੇ ਕਦੋਂ ਮੁਕੰਮਲ ਹੋਣਗੇ। ਪੂਰੇ ਸ਼ਹਿਰ ਵਿੱਚ ਜਲ ਸਪਲਾਈ ਦਾ ਠੇਕਾ ਇੰਨੇ ਸਾਲਾਂ ਤੋਂ ਸਿਰਫ਼ ਇੱਕ ਠੇਕੇਦਾਰ ਨੂੰ ਕਿਉਂ ਦਿੱਤਾ ਗਿਆ ਹੈ, ਸ਼ਰਤਾਂ ਕੀ ਹਨ। ਕੀ ਠੇਕੇਦਾਰ ਖਿਲਾਫ ਕੋਈ ਸ਼ਿਕਾਇਤ ਆਈ ਹੈ ਜਾਂ ਪ੍ਰਾਪਤ ਹੋ ਰਹੀ ਹੈ, ਜੇਕਰ ਕੋਈ ਹੈ ਤਾਂ ਨਗਰ ਕੌਂਸਲ ਜਾਂ ਵਿਭਾਗ ਵੱਲੋਂ ਹੁਣ ਤੱਕ ਉਸ ਖਿਲਾਫ ਕੀ ਕਾਰਵਾਈ ਕੀਤੀ ਗਈ ਹੈ। ਕਮੇਟੀ ਵੱਲੋਂ ਇਹ ਵੀ ਪੁੱਛਿਆ ਗਿਆ ਕਿ ਪਿਛਲੇ ਕਈ ਸਾਲਾਂ ਤੋਂ ਪੂਰੇ ਸ਼ਹਿਰ ਦੇ ਸਾਰੇ ਵਾਟਰ ਵਰਕਸ ਇੱਕੋ ਠੇਕੇਦਾਰ ਨੂੰ ਦੇਣਾ ਇੱਕ ਤਰ੍ਹਾਂ ਨਾਲ ਭ੍ਰਿਸ਼ਟਾਚਾਰ ਨੂੰ ਬੜ੍ਹਾਵਾ ਦੇ ਰਿਹਾ ਹੈ; ਇਸ ਲਈ ਇਸ ਠੇਕੇਦਾਰ ਤੋਂ ਕੰਮ ਲੈ ਕੇ ਕਿਸੇ ਹੋਰ ਠੇਕੇਦਾਰ ਨੂੰ ਦਿੱਤਾ ਜਾਵੇ, ਇਸ ਲਈ ਲੋੜੀਂਦੇ ਟੈਂਡਰ ਆਦਿ ਇੱਕ ਮਹੀਨੇ ਦੇ ਅੰਦਰ-ਅੰਦਰ ਕਮੇਟੀ ਨੂੰ ਸੂਚਿਤ ਕੀਤਾ ਜਾਵੇ। ਪਿਛਲੇ ਸਮੇਂ ਵਿੱਚ ਨਗਰ ਕੌਂਸਲ ਜ਼ੀਰਕਪੁਰ ਦੇ ਸਾਰੇ ਕੰਮਾਂ 'ਤੇ ਠੇਕੇਦਾਰਾਂ ਨੇ ਕਬਜ਼ਾ ਕੀਤਾ ਹੋਇਆ ਹੈ ਅਤੇ ਸੜਕ ਬਣਾਉਣ, ਇੰਟਰਲਾਕਿੰਗ ਟਾਈਲਾਂ ਵਿਛਾਉਣ ਅਤੇ ਉਸਾਰੀ ਆਦਿ ਵਿੱਚ ਕਰੋੜਾਂ ਰੁਪਏ ਦੀ ਲੁੱਟ ਕੀਤੀ ਜਾ ਰਹੀ ਹੈ। ਵਿਜੀਲੈਂਸ ਵਿਭਾਗ ਤੋਂ ਠੇਕੇਦਾਰ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ, ਜਿਸ ਦੀ ਰਿਪੋਰਟ ਇੱਕ ਮਹੀਨੇ ਦੇ ਅੰਦਰ ਅੰਦਰ ਭੇਜੀ ਜਾਵੇ। ਸ਼ਹਿਰ ਵਿੱਚ ਬਰਸਾਤੀ ਪਾਣੀ ਦੀ ਵੱਡੀ ਸਮੱਸਿਆ ਬਣੀ ਹੋਈ ਹੈ, ਇਸ ਲਈ ਕਮੇਟੀ ਨੇ ਕਿਹਾ ਕਿ ਸੇਮ ਦੀ ਸਮੱਸਿਆ ਦਾ ਤੁਰੰਤ ਹੱਲ ਕੀਤਾ ਜਾਵੇ। ਪਾਣੀ ਦੀ ਕੁਦਰਤੀ ਨਿਕਾਸੀ ਲਈ ਨਗਰ ਕੌਂਸਲ ਨੂੰ ਪ੍ਰਸ਼ਾਸਨ ਦਾ ਸਹਿਯੋਗ ਲੈਣਾ ਚਾਹੀਦਾ ਹੈ। ਸ਼ਹਿਰ ਵਿੱਚ ਕੂੜੇ ਦੀ ਸਮੱਸਿਆ ਹੈ, ਅਵਾਰਾ ਪਸ਼ੂਆਂ ਦੀ ਸਮੱਸਿਆ ਹੈ, ਵੱਖ-ਵੱਖ ਕਲੋਨੀਆਂ ਵਿੱਚ ਨਵੇਂ ਪਾਰਕ ਬਣਾਏ ਜਾਣ। ਪਾਣੀ ਦੀਆਂ ਪਾਈਪਾਂ ਦੀ ਮੁਰੰਮਤ ਕਰਵਾਈ ਜਾਵੇ। ਸ਼ਹਿਰ ਵਿੱਚ ਪਾਰਕਿੰਗ ਦੀ ਸਮੱਸਿਆ ਦਾ ਹੱਲ ਕੀਤਾ ਜਾਵੇ। ਨਗਰ ਕੌਂਸਲ ਨੂੰ ਪਿਛਲੇ 3 ਸਾਲਾਂ ਦੌਰਾਨ ਜਾਇਦਾਦ, ਪਾਣੀ ਅਤੇ ਸੀਵਰੇਜ ਦੇ ਖਰਚਿਆਂ ਤੋਂ ਹੋਈ ਕੁੱਲ ਆਮਦਨ ਦਾ ਵੇਰਵਾ ਦੇਣ ਲਈ ਕਿਹਾ ਗਿਆ ਸੀ। ਸ਼ਹਿਰ ਵਿੱਚ ਚੱਲ ਰਹੇ ਨਾਜਾਇਜ਼ ਕੁਨੈਕਸ਼ਨਾਂ ਦੀ ਜਾਂਚ ਹੋਣੀ ਚਾਹੀਦੀ ਹੈ। ਸ਼ਹਿਰ ਵਿੱਚ ਘਰਾਂ ਦੇ ਉੱਪਰ ਚੱਲਦੀਆਂ ਬਿਜਲੀ ਦੀਆਂ ਤਾਰਾਂ ਦੀ ਸਮੱਸਿਆ ਦਾ ਹੱਲ ਕੀਤਾ ਜਾਵੇ। ਟ ?ਰੈਫਿਕ ਸਮੱਸਿਆ ਦਾ ਹੱਲ ਕੀਤਾ ਜਾਵੇ। ਕਮੇਟੀ ਨੇ ਜ਼ੋਰ ਦੇ ਕੇ ਕਿਹਾ ਕਿ ਲੋਕਾਂ ਤੋਂ ਟੈਕਸਾਂ ਦੇ ਰੂਪ ਵਿਚ ਇਕੱਠਾ ਕੀਤਾ ਪੈਸਾ ਲੋਕਾਂ ਦੀ ਭਲਾਈ ਅਤੇ ਬੁਨਿਆਦੀ ਲੋੜਾਂ 'ਤੇ ਹੀ ਖਰਚਿਆ ਜਾਣਾ ਚਾਹੀਦਾ ਹੈ। ਇਸ ਮੌਕੇ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਸ਼ਹਿਰ ਦੇ ਵਿਕਾਸ ਲਈ ਵਿਉਂਤਬੰਦੀ ਲਈ ਕਮੇਟੀ ਅੱਗੇ ਅਹਿਮ ਮੰਗਾਂ ਰੱਖੀਆਂ, ਜਿਸ 'ਤੇ ਸਪੀਕਰ ਨੇ ਪਹਿਲ ਦੇ ਆਧਾਰ 'ਤੇ ਕੰਮ ਕਰਕੇ 3 ਹਫ਼ਤਿਆਂ 'ਚ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ। ਇਸ ਮੌਕੇ ਵਿਧਾਇਕ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਗਤੀਸ਼ੀਲ ਅਗਵਾਈ ਅਤੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ੀਰਕਪੁਰ ਦੇ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡਾਂਗੇ। ਉਨ੍ਹਾਂ ਦੱਸਿਆ ਕਿ ਅੱਜ ਨਗਰ ਕੌਂਸਲ ਦੇ ਪਿਛਲੇ 3 ਸਾਲਾਂ ਦੇ ਕੰਮਾਂ ਦਾ ਜਾਇਜ਼ਾ ਲੈਣ ਬਾਰੇ ਵਿਚਾਰ-ਵਟਾਂਦਰਾ ਕਰਕੇ ਤਿੰਨ ਹਫ਼ਤਿਆਂ ਵਿੱਚ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਇਸ ਮੌਕੇ ਕਮੇਟੀ ਦੇ ਹੋਰ ਵਿਧਾਇਕ, ਏ.ਡੀ.ਸੀ (ਅਰਬਨ ਡਿਵੈਲਪਮੈਂਟ) ਅਤੇ ਨਗਰ ਕੌਂਸਲ ਜ਼ੀਰਕਪੁਰ ਦੇ ਅਧਿਕਾਰੀ ਹਾਜ਼ਰ ਸਨ।



# ਡਿਪਟੀ ਕਮਿਸ਼ਨਰ ਨੇ ਸਪਾਂਸਰਸ਼ਿਪ ਸਕੀਮ ਤਹਿਤ ਲੋੜਵੰਦ ਬੱਚਿਆਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਸੌਂਪੇ

## ਲੋੜਵੰਦ ਬੱਚਿਆਂ ਨੂੰ ਸਰਕਾਰੀ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਪਹੁੰਚਾਇਆ ਜਾਵੇ : ਡਿਪਟੀ ਕਮਿਸ਼ਨਰ

**ਆਜ਼ਾਦ ਸੋਚ**
**ਹਰਵਿੰਦਰ ਲਾਲੀ**
**ਪਟਿਆਲਾ, 13 ਸਤੰਬਰ**
========================

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲੋੜਵੰਦ ਬੱਚਿਆਂ ਦੀ ਭਲਾਈ ਲਈ ਬਾਲ ਭਲਾਈ ਸਕੀਮਾਂ ਰਾਹੀਂ ਲੋੜਵੰਦ ਬੱਚਿਆਂ ਨੂੰ ਲਾਭ ਦਿੱਤਾ ਜਾ ਰਿਹਾ ਹੈ। ਅੱਜ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਵੱਲੋਂ 56 ਲੋੜਵੰਦ ਬੱਚਿਆਂ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਵੱਲੋਂ ਮਨਾਏ ਗਏ ਸਪਾਂਸਰਸ਼ਿਪ ਦਿਵਸ ਮੌਕੇ ਸਪਾਂਸਰਸ਼ਿਪ ਸਕੀਮ ਅਧੀਨ ਸਹਾਇਤਾ ਰਾਸ਼ੀ ਦੇ ਚੈੱਕ ਸੌਂਪੇ ਗਏ ।

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਇਸ ਸਪਾਂਸਰਸ਼ਿਪ ਸਕੀਮ ਤਹਿਤ ਲੋੜਵੰਦ ਬੱਚਿਆਂ ਨੂੰ ਚਾਰ ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਪਰਿਵਾਰਾਂ ਦੀ ਆਰਥਿਕ ਹਾਲਤ ਕਮਜ਼ੋਰ ਹੈ ਤੇ ਜਿਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ ਹੈ ਅਤੇ ਘਰ ਵਿੱਚ ਕੋਈ ਆਮਦਨ ਦਾ ਸਾਧਨ ਨਹੀਂ ਹੈ, ਉਹਨਾਂ ਬੱਚਿਆਂ ਨੂੰ ਇਸ ਸਕੀਮ ਦਾ ਲਾਭ ਦਿੱਤਾ ਜਾਂਦਾ ਹੈ। ਉਹਨਾਂ ਕਿਹਾ ਕਿ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਸਰਕਾਰ ਦੇ ਦਿਸ਼ਾ ਦੇ ਨਿਰਦੇਸ਼ਾਂ ਮੁਤਾਬਿਕ ਕੰਮ ਕਰ ਰਿਹਾ ਹੈ। ਉਹਨਾਂ ਇਹ ਵੀ ਕਿਹਾ ਕਿ ਸਰਕਾਰ ਵੱਲੋਂ ਚਲਾਈ ਜਾ ਰਹੀ ਸਕੀਮ ਦਾ ਵੱਧ ਤੋਂ ਵੱਧ ਲਾਹਾ ਲੈਣਾ ਚਾਹੀਦਾ ਹੈ। ਤਾਂ ਜੋ ਜ਼ਰੂਰਤ ਮੰਦ ਬੱਚਿਆਂ ਦਾ ਵਧੀਆ ਢੰਗ ਨਾਲ ਪਾਲਨ ਪੋਸ਼ਣ ਹੋ ਸਕੇ।

ਇਸ ਤੋਂ ਇਲਾਵਾ ਉਹਨਾਂ ਇਹ ਵੀ ਕਿਹਾ ਕਿ ਜੇ ਕਰ ਕਿਸੇ ਬੱਚੇ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਸਮਾਜਿਕ ਸੁਰੱਖਿਆ ਦਫ਼ਤਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਦੌਰਾਨ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਡਾ. ਸ਼ਾਇਨਾ ਕਪੂਰ ਨੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ ਵਿਭਾਗ, ਪੰਜਾਬ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਪਾਂਸਰਸ਼ਿਪ ਸਕੀਮ ਅਧੀਨ ਲੋੜਵੰਦ ਬੱਚਿਆਂ ਨੂੰ ਵੱਧ ਤੋ ਵੱਧ ਜੋੜਿਆ ਜਾ ਰਿਹਾ ਹੈ ਤਾਂ ਜੋ ਯੋਗ ਤੇ ਲੋੜਵੰਦ ਬੱਚਿਆਂ ਦੀ ਮਦਦ ਕੀਤੀ ਜਾ ਸਕੇ ਅਤੇ ਕੋਈ ਵੀ ਯੋਗ ਬੱਚਾ ਸਹੂਲੀਅਤ ਲੈਣ ਤੋਂ ਵਾਂਝਾ ਨਾ ਰਹਿ ਸਕੇ। ਇਸ ਸਪਾਂਸਰਸ਼ਿਪ ਸਕੀਮ ਲਈ ਜੇ ਕੋਈ ਅਪਲਾਈ ਕਰਨਾ ਚਾਹੁੰਦਾ ਹੈ ਤਾਂ ਦਫ਼ਤਰ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ, ਪਟਿਆਲਾ, ਬਲਾਕ-ਸੀ ਐਕਸਟੈਂਸ਼ਨ ਕਮਰਾ ਨੰਬਰ 150 ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਪਟਿਆਲਾ ਵਿਖੇ ਸੰਪਰਕ ਕਰ ਸਕਦਾ ਹੈ। ਦਫ਼ਤਰ ਦੀ ਈ-ਮੇਲ ਆਈ ਡੀ dcpo.patiala@gmail.com ਅਤੇ ਫ਼ੋਨ ਨੰਬਰ 0175-2353523 ਹੈ।



# ਮਾਰਕੀਟ ਕਮੇਟੀ ਦੇ ਦਫ਼ਤਰ ਨਜ਼ਦੀਕ ਲੱਗੇ ਕੂੜੇ ਦੇ ਢੇਰ ਤੋਂ ਸ਼ਹਿਰ ਵਾਸੀ ਪ੍ਰੇਸ਼ਾਨ

## ਜਲਦ ਹੀ ਹੋਵੇਗਾ ਸ਼ਹਿਰ ਵਾਸੀਆਂ ਦੀ ਸਮੱਸਿਆਂ ਦਾ ਹੱਲ - ਸੈਕਟਰੀ

**ਆਜ਼ਾਦ ਸੋਚ**
**ਬਿੰਦਰ ਜਲਾਲ/ਭਗਤਾ ਭਾਈ, 13 ਸਤੰਬਰ**

ਸਥਾਨਕ ਸ਼ਹਿਰ ਮਾਰਕੀਟ ਕਮੇਟੀ ਦੇ ਦਫ਼ਤਰ ਨਜ਼ਦੀਕ ਗੰਦਗੀ ਦੇ ਢੇਰ ਲੱਗੇ ਹੋਣ ਕਰਕੇ ਸ਼ਹਿਰ ਵਾਸੀਆਂ ਨੂੰ ਵੱਡੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਇਸ ਮੌਕੇ ਸ਼ਹਿਰ ਵਾਸੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਚੰਗੀ ਸਿਹਤ ਅਤੇ ਤੰਦਰੁਸਤੀ ਲਈ ਸੁਭਾ ਦੀ ਤਾਜ਼ੀ ਹਵਾ ਲੈਣ ਲਈ ਸ਼ਹਿਰ ਦੀ ਅਨਾਜ ਮੰਡੀ ਵਿੱਚ ਸਵੇਰ ਵੇਲੇ ਔਰਤਾਂ ਅਤੇ ਵੱਡੀ ਗਿਣਤੀ ਵਿੱਚ ਦੁਕਾਨਦਾਰ ਸੈਰ ਕਰਨ ਲਈ ਜਾਂਦੇ ਹਨ। ਉਹਨਾਂ ਦੱਸਿਆ ਕਿ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਸਵੇਰੇ ਸਵੇਰੇ ਉਹਨਾਂ ਨੂੰ ਚੰਗੀ ਤਾਜ਼ੀ ਹਵਾ ਦੀ ਬਜਾਏ ਗੰਦਗੀ ਦੇ ਪਏ ਢੇਰਾਂ ਚੋਂ ਆ ਰਹੀ ਬਦਬੂ ਦਾ ਸਹਾਮਣਾ ਕਰਨਾ ਪੈਂਦਾ ਹੈ । ਉਹਨਾਂ ਕਿਹਾ ਮਾਰਕੀਟ ਕਮੇਟੀ ਦੇ ਦਫ਼ਤਰ ਸਹਾਮਣੇ ਮੰਡੀ ਚ ਝੁੱਗੀਆਂ ਝੌਂਪੜੀਆਂ ਵਾਲੇ ਬੈਠੇ ਹਨ ਅਤੇ ਸ਼ਹਿਰ ਵਿੱਚ ਹੋ ਰਹੀਆਂ ਚੋਰੀ ਅਤੇ ਲੁੱਟ ਖੋਹ ਦੀਆਂ ਵਾਰਦਾਤਾਂ ਕਾਰਨ ਸ਼ਹਿਰ ਦੀਆਂ ਔਰਤਾਂ ਵਿੱਚ ਡਰ ਦਾ ਮਾਹੌਲ ਬਣਿਆ ਹੋਣ ਕਰਕੇ ਇਕੱਲੀਆਂ ਸਵੇਰ ਵੇਲੇ ਅਨਾਜ਼ ਮੰਡੀ ਵਿੱਚ ਸੈਰ ਕਰਨ ਨਹੀਂ ਜਾਂਦੀਆਂ। ਉਹਨਾਂ ਕਿਹਾ ਕਿ ਕਈ ਵਾਰ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ ਪਰ ਕੋਈ ਹੱਲ ਨਹੀਂ ਹੋਇਆ। ਸ਼ਹਿਰ ਵਾਸੀਆਂ ਨੇ ਦੱਸਿਆ ਕਿ ਮੰਡੀ ਦੇ ਨਜ਼ਦੀਕ ਸਰਕਾਰੀ ਸਕੂਲ , ਸਰਕਾਰੀ ਹਸਪਤਾਲ, ਬਿਜਲੀ ਘਰ ਅਤੇ ਗਊਸ਼ਾਲਾ ਹੈ ਅਤੇ ਇਸ ਤੋਂ ਇਲਾਵਾ ਅਗਰਵਾਲ ਧਰਮਸ਼ਾਲਾ ਨੂੰ ਜਾਣ ਲਈ ਵੀ ਬਹੁਤੇ ਲੋਕ ਅਨਾਜ ਮੰਡੀ ਵਿੱਚੋਂ ਦੀ ਜਾਂਦੇ ਹਨ। ਮੰਡੀ ਵਿੱਚ ਲੱਗੇ ਕੂੜੇ ਦੇ ਢੇਰਾਂ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਬਿਮਾਰੀਆਂ ਫ਼ੈਲਣ ਦਾ ਖ਼ਦਸਾ ਬਣਿਆ ਹੋਇਆ ਹੈ। ਇਸ ਸਬੰਧੀ ਜਦੋਂ ਮਾਰਕੀਟ ਕਮੇਟੀ ਦੇ ਸੈਕਟਰੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਝੁੱਗੀਆਂ ਝੌਂਪੜੀਆਂ ਵਾਲਿਆਂ ਨੂੰ ਉਠਾਉਣ ਲਈ ਥਾਣਾ ਦਿਆਲਪੁਰਾ ਭਾਈਕਾ ਵਿਖੇ ਲਿਖਤੀ ਰੂਪ ਵਿੱਚ ਬੇਨਤੀ ਕਰ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਜਲਦੀ ਹੀ ਅਨਾਜ ਮੰਡੀ ਦੇ ਦੋਵੇਂ ਨਵੇਂ ਗੇਟ ਲਗਾਏ ਜਾਣਗੇ ਅਤੇ ਸ਼ਹਿਰ ਵਾਸੀਆਂ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।



# ਗੁਰਦੁਆਰਾ ਟਾਹਲੀ ਸਾਹਿਬ ਪਿੰਡ ਜਗਤਪੁਰਾ ਵਿਖੇ ਮਨਾਇਆ ਸਾਲਾਨਾ ਜੋੜ ਮੇਲਾ



**ਆਜ਼ਾਦ ਸੋਚ**
**ਤਰੁਣ ਮਹਿਰਾ /ਅੰਮ੍ਰਿਤਸਰ, 13 ਸਤੰਬਰ**

ਧੰਨ ਧੰਨ ਬਾਬਾ ਸ੍ਰੀ ਚੰਦ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਟਾਹਲੀ ਸਾਹਿਬ (ਪਿੰਡ ਜਗਤਪੁਰਾ) ਵਿਖੇ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਭਾਵਨਾ ਸਾਹਿਤ ਮਨਾਇਆ ਗਿਆ ਹੈ। ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਆਤਿਸ਼ਬਾਜੀ ਵੀ ਕੀਤੀ ਗਈ ਅੱਜ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਜਾਏ ਭਾਰੀ ਦੀਵਾਨ ਵਿੱਚ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਤੋਂ ਹਜ਼ੂਰੀ ਰਾਗੀ ਵੱਲੋਂ ਕੀਰਤਨ ਕੀਤਾ ਗਿਆ । ਉਪਰੰਤ ਇਲਾਕੇ ਦਾ ਪ੍ਰਸਿੱਧ ਕਵੀਸ਼ਰ ਜੱਥਾ ਭਾਈ ਸੰਦੀਪ ਸਿੰਘ ਜੀ ਚੰਦਨ ਠੱਠਗੜ ਵਾਲੇ, ਇੰਟਰਨੈਸ਼ਨਲ ਗੋਲ ?ਡ ਮੈਡਲਿਸਟ ਢਾਡੀ ਜੱਥੀ ਭਾਈ ਬਲਬੀਰ ਸਿੰਘ ਜੀ ਪਾਰਸ, ਭਾਈ ਅਮਰਜੀਤ ਸਿੰਘ ਸਭਰਾ ਕਵੀਸ਼ਰ ਜੱਥਾ , ਭਾਈ ਲਖਬੀਰ ਸਿੰਘ ਜੀ ਕੋਮਲ ਢਾਡੀ ਜੱਥਾ ਆਦਿ ਨੇ ਗੁਰੂ ਸਹਿਬਾਨ ਤੇ ਸ਼ਹੀਦਾਂ ਸੂਰਮਿਆਂ ਦੀਆ ਵਾਰਾਂ ਗਾਇਨ ਕੀਤੀਆਂ। ਸਾਲਾਨਾ ਜੋੜ ਮੇਲੇ ਵਿੱਚ ਇਲਾਕੇ ਦੀਆ ਸੰਗਤਾਂ ਤੇ ਸਮੂੰਹ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਵੋਟਾਂ ਬਣਾਉਣ ਲਈ 14, 15 ਅਤੇ 16 ਸਤੰਬਰ ਨੂੰ ਲੱਗੇਗਾ ਵਿਸ਼ੇਸ਼ ਕੈਂਪ : ਡਿਪਟੀ ਕਮਿਸ਼ਨਰ

- **ਵੋਟਾਂ ਬਣਾਉਣ ਦੀ ਆਖਿਰੀ ਮਿਤੀ 16 ਸਤੰਬਰ 2024**
- **ਹੁਣ ਤੱਕ ਜ਼ਿਲੇ ਵਿੱਚ 563591 ਸਿੱਖ ਵੋਟਰ ਹੋਏ ਰਜਿਸਟਰ**

**ਆਜ਼ਾਦ ਸੋਚ**
**ਤਰੁਣ ਮਹਿਰਾ**
**ਅੰਮ੍ਰਿਤਸਰ 13 ਸਤੰਬਰ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਨੂੰ ਲੈ ਕੇ ਵੱਧ ਤੋਂ ਵੱਧ ਵੋਟਰਾਂ ਦੀ ਰਜਿਸਟਰੇਸ਼ਨ ਲਈ 14, 15 ਅਤੇ 16 ਸਤੰਬਰ ਨੂੰ ਸਵੇਰੇ 9:00 ਵਜੇ ਤੋਂ 4:00 ਵਜੇ ਤੱਕ ਵਿਸ਼ੇਸ਼ ਮੁਹਿੰਮ ਤਹਿਤ ਬਾਕੀ ਰਹਿੰਦੇ ਯੋਗ ਕੇਸਾਧਾਰੀ ਸਿੱਖ ਵੋਟਰਾਂ ਦੀ ਵੱਧ ਤੋਂ ਵੱਧ ਰਜਿਸਟਰੇਸ਼ਨ ਕੀਤੀ ਜਾਵੇਗੀ ਅਤੇ ਵੋਟਾਂ ਬਣਾਉਣ ਦੀ ਆਖਿਰੀ ਮਿਤੀ 16 ਸਤੰਬਰ 2024 ਨਿਸ਼ਚਿਤ ਕੀਤੀ ਗਈ ਹੈ।

ਇਸ ਸਬੰਧੀ ਜਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਨੇ ਬੀ.ਐਲ.ਓ. ਨੂੰ ਹਦਾਇਤ ਕੀਤੀ ਕਿ ਉਹ ਘਰ ਘਰ ਜਾ ਕੇ ਵੋਟਾਂ ਦੀ ਰਜਿਸਟਰੇਸ਼ਨ ਕਰਨ ਤਾਂ ਜੋ ਕੋਈ ਵੋਟਰ ਵੋਟ ਬਣਾਉਣ ਤੋਂ ਵਾਂਝਾ ਨਾ ਰਹੇ। ਜਿਲ੍ਹਾ ਚੋਣ ਅਫ਼ਸਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਲਈ ਵੱਧ ਤੋਂ ਵੱਧ ਵੋਟਾਂ ਬਣਾਉਣ ਵਾਸਤੇ ਜਿਲ੍ਹੇ ਦੇ ਸਮੂਹ ਰਿਟਰਨਿੰਗ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਜਿਲ੍ਹੇ ਵਿੱਚ ਪੈਂਦੇ ਸਮੂਹ 11 ਵਿਧਾਨ ਸਭਾ ਚੋਣ ਹਲਕਿਆ ਵਿੱਚ ਨਿਯੁਕਤ ਸਮੂਹ ਬੂਥ ਲੈਵਲ ਅਫ਼ਸਰ ਆਪਣੇ-ਆਪਣੇ ਪੋਲਿੰਗ ਹਲਕੇ ਵਿਖੇ 14 ਸਤੰਬਰ ਨੂੰ ਦਿਨ ਸ਼ਨੀਵਾਰ, 15 ਸਤੰਬਰ ਨੂੰ ਦਿਨ ਐਤਵਾਰ ਅਤੇ 16 ਸਤੰਬਰ ਨੂੰ ਦਿਨ ਸੋਮਵਾਰ ਨੂੰ ਸਵੇਰੇ 9:00 ਵਜੇ ਤੋਂ 4:00 ਵਜੇ ਤੱਕ ਘਰ-ਘਰ ਜਾ ਕੇ ਵੋਟਾਂ ਬਣਾਉਣ। ਉਨਾਂ ਕਿਹਾ ਕਿ ਕੇਸਾਧਾਰੀ ਸਿੱਖ ਵੋਟਰਾਂ ਦੀ ਵੱਧ ਤੋਂ ਵੱਧ ਰਜਿਸਟਰੇਸ਼ਨ ਕੀਤੀ ਜਾਵੇ। ਇਸ ਮੰਤਵ ਲਈ ਮਿਤੀ 21.10.2023 ਨੂੰ 21 ਸਾਲ ਦੀ ਉਮਰ ਪੂਰੀ ਕਰ ਚੁੱਕੇ ਕੇਸਾਧਾਰੀ ਸਿੱਖ ਬਿਨੈਕਾਰ ਯੋਗ ਸਮਝੇ ਜਾਣਗੇ।



ਸ੍ਰੀ ਥੋਰੀ ਨੇ ਕਿਹਾ ਕਿ ਸਮੂਹ ਬੂਥ ਲੈਵਲ ਅਫ਼ਸਰ ਸਪੈਸ਼ਲ ਕੈਂਪ ਦੀ ਮਿਤੀ ਅਤੇ ਸਮੇਂ ਅਨੁਸਾਰ ਆਪਣੇ ਪੋਲਿੰਗ ਸਟੇਸ਼ਨ ਵਿਖੇ ਹਾਜਰ ਰਹਿਣਗੇ ਅਤੇ ਪ੍ਰਾਪਤ ਹੋ ਰਹੇ ਫਾਰਮ (ਕੇਸਾਧਾਰੀ ਸਿੱਖ ਲਈ) (ਨਿਯਮ 3(1)) ਦੀ ਨਾਲ ਦੀ ਨਾਲ ਵੈਰੀਫਿਕੇਸ਼ਨ ਕਰਨਗੇ। ਅਜਿਹੇ ਹਰ ਇੱਕ ਫਾਰਮ ਉੱਪਰ ਬਿਨੈਕਾਰ ਦੀ ਤਾਜਾ ਰੰਗਦਾਰ ਫੋਟੋ (ਸੈਲਫ ਅਟੈਸਟਡ) ਚਸਪਾ ਕੀਤੀ ਜਾਵੇਗੀ ਅਤੇ ਬਿਨੈਕਾਰ ਦੇ ਸ਼ਨਾਖਤੀ ਦਸਤਾਵੇਜ ਦੀ ਕਾਪੀ ਨਾਲ ਅਟੈਚ ਕੀਤੀ ਜਾਵੇਗੀ। ਉਨਾਂ ਦੱਸਿਆ ਕਿ ਸਮੂਹ ਬੂਥ ਲੈਵਲ ਅਫ਼ਸਰ ਘਰ ਘਰ ਜਾ ਕੇ ਵੀ ਸਪੈਸ਼ਲ ਕੈਂਪੇਨ ਤਹਿਤ ਰਹਿੰਦੇ ਅਲੀਜੀਬਲ ਕੇਸਾਧਾਰੀ ਸਿੱਖ ਵੋਟਰਾਂ ਦੀ ਰਜਿਸਟਰੇਸ਼ਨ ਨੂੰ ਯਕੀਨੀ ਬਣਾਉਣਗੇ।

ਬੂਥ ਲੈਵਲ ਅਫ਼ਸਰ ਦੁਆਰਾ ਫਾਰਮ ਵੈਰੀਫਾਈ ਕਰਨ ਹਿੱਤ ਬਿਨੈਕਾਰ ਦਾ ਨਾਮ ਵਿਧਾਨ ਸਭਾ ਵੋਟਰ ਸੂਚੀ ਵਿੱਚੋਂ ਟਰੇਸ ਕਰਕੇ ਸਬੰਧਤ ਬਿਨੈਕਾਰ ਦਾ ਮਕਾਨ ਨੰਬਰ ਅਤੇ ਵੋਟਰ ਕਾਰਡ ਨੰਬਰ ਬੀ.ਐਲ.ਓ. ਦੁਆਰਾ ਫਾਰਮ ਉੱਪਰ ਆਪਣੀ ਵੈਰੀਫਿਕੇਸ਼ਨ ਰਿਪੋਰਟ ਵਿੱਚ ਲਿਖਿਆ ਜਾਵੇ। ਜਿੰਨ੍ਹਾਂ ਵੋਟਰਾਂ ਦੇ ਨਾਮ ਵਿਧਾਨ ਸਭਾ ਸੂਚੀ ਵਿੱਚ ਪਹਿਲਾਂ ਤੋਂ ਦਰਜ ਹਨ ਉਨ੍ਹਾਂ ਦੀ ਘਰ ਘਰ ਜਾ ਕੇ ਵੈਰੀਫਿਕੇਸ਼ਨ ਕਰਨ ਦੀ ਲੋੜ ਨਹੀਂ ਹੈ। ਜਿੰਨ੍ਹਾਂ ਬਿਨੈਕਾਰਾਂ ਦਾ ਨਾਮ ਵਿਧਾਨ ਸਭਾ ਸੂਚੀ ਵਿੱਚ ਵੀ ਦਰਜ ਨਹੀਂ ਹੈ, ਉਨ੍ਹਾਂ ਦੇ ਗੁਰਦੁਆਰਾ ਵੋਟਰ ਸੂਚੀ ਵਾਲੇ ਫਾਰਮ ਦੇ ਨਾਲ ਨਾਲ ਵਿਧਾਨ ਸਭਾ ਵੋਟਰ ਸੂਚੀ ਵਿੱਚ ਨਾਮ ਦਰਜ ਕਰਨ ਲਈ ਫਾਰਮ ਨੰ. 6 ਵੀ ਭਰਵਾ ਲਏ ਜਾਣ। ਇਸ ਤਰ੍ਹਾਂ ਜਦੋਂ ਆਪ ਫਾਰਮ ਨੰ. 6 ਦੀ ਵੈਰੀਫਿਕੇਸ਼ਨ ਕਰੋਗੇ ਤਾਂ ਗੁਰਦੁਆਰਾ ਵੋਟਰ ਸੂਚੀ ਫਾਰਮ ਵੀ ਵੈਰੀਫਾਈ ਹੋ ਜਾਵੇਗਾ।

ਜਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਹੁਣ ਤੱਕ ਜਿਲ੍ਹੇ ਵਿੱਚ 563591 ਸਿੱਖ ਵੋਟਰ ਰਜਿਸਟਰ ਹੋ ਚੁੱਕੇ ਹਨ।

# ਰਾਮਲੀਲਾ ਡਰਾਮਾਟਿਕ ਕਲੱਬ ਖਰੜ ਵੱਲੋਂ ਭੂਮੀ ਪੂਜਨ ਅਤੇ ਝੰਡਾ ਚੜਾਉਣ ਦੀ ਰਸਮ ਨਾਲ ਤਿਆਰੀਆਂ ਸ਼ੁਰੂ



ਖਰੜ, 13 ਸਤੰਬਰ (ਜਗਵਿੰਦਰ ਸਿੰਘ): ਰਾਮਲੀਲਾ ਡਰਾਮਾਟਿਕ ਕਲੱਬ ਖਰੜ ਵੱਲੋਂ ਭੂਮੀ ਪੂਜਨ ਕਰਨ ਉਪਰੰਤ ਝੰਡਾ ਚੜਾਉਣ ਦੀ ਰਸਮ ਅਦਾ ਕਰਕੇ ਰਾਮਲੀਲਾ ਦੀ ਸਟੇਜ ਲਗਾਉਣ ਦੇ ਕੰਮ ਦੀ ਸ਼ੁਰੂਆਤ ਕੀਤੀ ਗਈ । ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਸ਼ਿਵ ਚਰਨ ਪਿੰਕੀ ਅਤੇ ਵੱਲੋਂ ਦੱਸਿਆ ਗਿਆ ਕਿ ਕਲੱਬ ਦੇ ਪੈਟਰਨ ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ ਪਿੱਛਲੇ 40 ਸਾਲਾ ਤੋਂ ਅਤੇ ਚੇਅਰਮੈਨ ਤਾਰਾ ਚੰਦ ਗੁੱਪਤਾ ਪਿੱਛਲੇ 50 ਸਾਲਾ ਤੋਂ ਸੇਵਾ ਨਿਭਾਅ ਰਹੇ ਹਨ। ਉਹਨਾਂ ਦੱਸਿਆ ਕਿ ਇਸ ਵਾਰ ਰਾਮਲੀਲਾ ਦਾ ਮੰਚਨ 1 ਅਕਤੂਬਰ 2024 ਤੋਂ ਸ਼ੁਰੂ ਹੋ ਕੇ 13 ਅਕਤੂਬਰ 2024 ਤੱਕ ਕੀਤਾ ਜਾਵੇਗਾ । ਕਲੱਬ ਵੱਲੋਂ ਰਾਮਲੀਲਾ ਦੀ ਰਿਹੈਸਲ ਅਤੇ ਸਟੇਜ ਦਾ ਕੰਮ ਭੂਮੀ ਪੂਜਨ ਅਤੇ ਹਨੂੰਮਾਨ ਜੀ ਦਾ ਝੰਡਾ ਚੜਾਉਣ ਦੀ ਰਸਮ ਅਦਾ ਕਰਨ ਉਪਰੰਤ ਸ਼ੁਰੂ ਹੋ ਜਾਂਦਾ ਹੈ। ਪਹਿਲੀ ਤਾਰੀਖ਼ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਹਲਕਾ ਖਰੜ ਤੋਂ ਮੁੱਖ ਸੇਵਾਦਾਰ ਰਣਜੀਤ ਸਿੰਘ ਗਿੱਲ ਰਾਮਲੀਲਾ ਦਾ ਉਦਘਾਟਨ ਕਰਨਗੇ ਅਤੇ ਦੁਸ਼ਹਿਰੇ ਤੋਂ ਅਗਲੇ ਦਿਨ 13 ਤਰੀਕ ਨੂੰ ਸਾਬਕਾ ਮੁੱਖ ਮੰਤਰੀ ਅਤੇ ਲੋਕ ਸਭਾ ਮੈਂਬਰ ਚਰਨਜੀਤ ਸਿੰਘ ਚੰਨੀ ਵੱਲੋਂ ਰਾਜ ਤਿਲਕ ਦੀ ਰਸਮ ਅਦਾ ਕਰਨ ਨਾਲ ਰਾਮਲੀਲਾ ਦੀ ਸਮਾਪਤੀ ਹੋਵੇਗੀ। ਇਸ ਮੌਕੇ ਕਲਬ ਦੇ ਜਰਨਲ ਸਕੱਤਰ ਯੋਗੇਸ਼ ਕਪਿਲ (ਜੋਗੀ),ਕੈਸ਼ੀਅਰ ਹਰਗੋਪਾਲ ਵਰਮਾਂ, ਡਾਇਰੈਕਟਰ ਪ੍ਰਵੀਨ ਕਰਵਲ,ਪੀ.ਆਰ.ਓ ਪੰਕਜ ਚੱਢਾ, ਸਕੱਤਰ ਸ਼ਾਮ ਸੁੰਦਰ , ਜੋਆਇੰਟ ਸਕੱਤਰ ਜਗਦੀਸ਼ ਧੀਮਾਨ, ਸੀਨਰੀ ਡਾਇਰੈਕਟਰ ਹੇਮੰਤ ਸੈਣੀ, ਸਟੋਰ ਇੰਚਾਰਜ ਸਰਬਜੀਤ ਵਿੱਕੀ, ਅਜੇ ਬੱਬੂ ਅਤੇ ਕਲੱਬ ਦੇ ਸਮੂਹ ਮੈਂਬਰ ਅਤੇ ਐਕਟਰ ਹਾਜਰ ਸਨ ।

# ਡੀ ਸੀ ਦੀ ਅਗਵਾਈ ਵਿੱਚ ਸਿਹਤ ਪੇਸ਼ੇਵਰਾਂ ਵਿਰੁੱਧ ਹਿੰਸਾ ਤੋਂ ਬਚਾਅ ਲਈ ਜ਼ਿਲ੍ਹਾ ਪੱਧਰੀ ਬੋਰਡ ਦਾ ਗਠਨ

## ਸਿਹਤ ਅਮਲੇ ਵਿਰੁੱਧ ਹਿੰਸਾ ਬਰਦਾਸਤ ਨਹੀਂ ਕੀਤੀ ਜਾਵੇਗੀ- ਵਧੀਕ ਡਿਪਟੀ ਕਮਿਸ਼ਨਰ ਇਸ਼ਾ ਸਿੰਗਲ

**ਆਜ਼ਾਦ ਸੋਚ**
**ਜੇ ਐਸ ਖੰਨਾ/ਜਤਿੰਦਰ ਕੁਮਾਰ**
**ਫਤਿਹਗੜ੍ਹ ਸਾਹਿਬ , 13 ਸਤੰਬਰ**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸੁਪਰੀਮ ਕੋਰਟ ਵੱਲੋਂ ਡਿਊਟੀ ਸਮੇਂ ਦੌਰਾਨ ਸਿਹਤ ਸੰਭਾਲ ਪੇਸ਼ੇਵਰਾਂ ਅਤੇ ਪੈਰਾਂ ਮੈਡੀਕਲ ਸਟਾਫ ਦੀ ਜਾਨ ਮਾਲ ਦੀ ਰਾਖੀ ਲਈ ਜਾਰੀ ਦਿਸ਼ਾ ਨਿਰਦੇਸ਼ਾਂ ਤੇ ਕੰਮ ਕਰਦੇ ਹੋਏ ਰੋਕਥਾਮ ਤੇ ਉਪਰਾਲਿਆਂ ਤਹਿਤ ਡਿਪਟੀ ਕਮਿਸ਼ਨਰ ਫਤਿਹਗੜ੍ਹ ਸਾਹਿਬ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਦੀ ਅਗਵਾਈ ਵਿੱਚ 'ਜ਼ਿਲਾ ਸਿਹਤ ਬੋਰਡ' ਦਾ ਗਠਨ ਕੀਤਾ ਗਿਆ । ਇਸ ਬੋਰਡ ਦੇ ਚੇਅਰਪਰਸਨ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਹੋਣਗੇ ਜਦਕਿ ਐਸ.ਐਸ.ਪੀ, ਸਿਵਲ ਸਰਜਨ, ਪੈਰਾਮੈਡੀਕਲ ਸਟਾਫ ਦਾ ਮੈਂਬਰ, ਜਿਲੇ ਦੇ ਆਈਐਮਏ ਦਾ ਪ੍ਰਤੀਨਿਧੀ, ਪੀਸੀਐਮਐਸ ਐਸੋਸੀਏਸ਼ਨ ਦਾ ਪ੍ਰਤੀਨਿਧੀ , ਸਮਾਜ ਸੇਵੀ ਸੰਸਥਾ ਦਾ ਪ੍ਰਤੀਨਿਧੀ ਅਤੇ ਜ਼ਿਲਾ ਅਟਾਰਨੀ ਇਸ ਵਿੱਚ ਬਤੌਰ ਮੈਂਬਰ ਸ਼ਾਮਿਲ ਕੀਤੇ ਗਏ ਹਨ।



ਇਸ ਬੋਰਡ ਦੀ ਪਲੇਠੀ ਮੀਟਿੰਗ ਵਧੀਕ ਡਿਪਟੀ ਕਮਿਸ਼ਨਰ ਸ਼੍ਰੀਮਤੀ ਇਸ਼ਾ ਸਿੰਗਲ ਦੀ ਪ੍ਰਧਾਨਗੀ ਹੇਠ ਉਹਨਾਂ ਦੇ ਦਫਤਰ ਵਿਖੇ ਹੋਈ।

ਇਸ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਵੱਲੋਂ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਤੋਂ ਪੀਐਚਸੀ, ਸੀਐਚਸੀ, ਐਸਡੀਐਚ ਪੱਧਰ ਤੇ ÷ਹੈਲਥ ਕੇਅਰ ਪ੍ਰੋਫੈਸ਼ਨਲ ਵਿਰੁੱਧ ਹਿੰਸਾ ਦੀ ਰੋਕਥਾਮ÷ ਸਬੰਧੀ ਬਣਾਈਆਂ ਗਈਆਂ ਕਮੇਟੀਆਂ ਬਾਰੇ ਜਾਣਕਾਰੀ ਹਾਸਿਲ ਕੀਤੀ। ਉਹਨਾਂ ਕਿਹਾ ਕਿ ਜ਼ਿਲ੍ਹੇ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਅੰਦਰ ਸੀਸੀਟੀਵੀ ਕੈਮਰੇ, ਲਾਈਟਾਂ ਦਾ ਪੁਖਤਾ ਪ੍ਰਬੰਧ, ਹਸਪਤਾਲ ਸਿਕਿਉਰਿਟੀ ਕਮੇਟੀ, ਧਾਰਾ 2008 ਸਬੰਧੀ ਜਾਗਰੂਕਤਾ ਬੋਰਡ, ਲੋੜ ਪੈਣ ਤੇ 112 ਨੰਬਰ ਡਾਇਲ ਕਰਨ ਸਬੰਧੀ ਬੋਰਡ, ਪੰਜ ਮੈਂਬਰੀ ਸੈਕਸੁਅਲ ਹਰਾਸਮੈਂਟ ਸਬੰਧੀ ਅੰਦਰੂਨੀ ਕਮੇਟੀਆਂ ਦਾ ਗਠਨ , ਸੰਸਥਾ ਨਾਲ ਸੰਬੰਧਿਤ ਥਾਣਿਆਂ ਦੇ ਮੁਖੀਆਂ ਦੇ ਨਾਮ ਅਤੇ ਮੋਬਾਇਲ ਨੰਬਰ ਸਬੰਧੀ ਬੋਰਡ ਆਦਿ ਡਿਸਪਲੇਅ ਕਰਨ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ। ਉਹਨਾਂ ਸਿਹਤ ਖੇਤਰ ਨਾਲ ਜੁੜੇ ਅਧਿਕਾਰੀਆਂ ਕਰਮਚਾਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਤੇ ਜ਼ੋਰ ਦਿੰਦਿਆਂ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ। ਇਸ ਮੀਟਿੰਗ ਵਿੱਚ ਜ਼ਿਲ੍ਹਾ ਸਿਹਤ ਬੋਰਡ ਦੇ ਸਮੂਹ ਮੈਂਬਰ ਹਾਜ਼ਰ ਸਨ ।

# 13 ਦਿਨ ਬੀਤਣ 'ਤੇ ਵੀ ਸੇਲਬਰਾਹ ਸਕੂਲ 'ਚ ਹੈਡ ਟੀਚਰ ਦੀ ਨਿਯੁਕਤੀ ਨਹੀਂ ਹੋਈ; ਲੋਕਾਂ 'ਚ ਰੋਸ

ਰਾਮਪੁਰਾ ਫੂਲ, 13 ਸਤੰਬਰ (ਰਜਨੀਸ਼ ਕਰਕਰਾ) : ਅੱਜ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਦੇ ਹੇਠ ਪਿੰਡ ਸੇਲਬਰਾਹ ਵਿਖੇ ਰਵੀਦਾਸ ਧਰਮਸ਼ਾਲਾ ਦੇ ਵਿੱਚ ਇਕੱਠ ਕੀਤਾ ਗਿਆ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸੂਬਾ ਪ੍ਰਧਾਨ ਕੁਲਵੰਤ ਸਿੰਘ ਸੇਲਬਰਾਹ ਨੇ ਕਿਹਾ ਕਿ ਸਰਕਾਰੀ ਪ੍ਰਾਇਮਰੀ ਸਕੂਲ ਸੇਲਬਰਾਹ ਦੇ ਵਿੱਚੋਂ 31 ਅਗਸਤ ਨੂੰ ਹੈਡ ਟੀਚਰ ਦੀ ਬਦਲੀ ਹੋ ਗਈ ਲਗਭਗ 13 ਦਿਨ ਲੰਘ ਜਾਣ ਦੇ ਬਾਵਜੂਦ ਵੀ ਹਾਲੇ ਤੱਕ ਉਸ ਦੀ ਥਾਂ ਤੇ ਕੋਈ ਨਵਾਂ ਹੈਡ ਟੀਚਰ ਨਹੀਂ ਆਇਆ ਲੰਘੀ 11 ਸਤੰਬਰ ਨੂੰ ਡੀਓ ਬਠਿੰਡਾ ਦੇ ਨਾਲ ਅਸੀਂ ਫੋਨ ਰਾਹੀਂ ਗੱਲਬਾਤ ਕੀਤੀ ਸੀ ਉਹਨਾਂ ਨੇ ਵਿਸ਼ਵਾਸ ਦਵਾਇਆ ਸੀ ਕਿ ਦੋ ਦਿਨਾਂ ਦੇ ਅੰਦਰ ਅੰਦਰ ਹੈਡ ਟੀਚਰ ਭੇਜ ਦਿੱਤਾ ਜਾਵੇਗਾ ਜੇਕਰ ਡੀ ਓ ਬਠਿੰਡਾ ਨੇ ਦੋ ਦਿਨਾਂ ਦੇ ਅੰਦਰ ਅੰਦਰ ਹੈਡ ਟੀਚਰ ਨਾ ਭੇਜਿਆ ਤਾਂ ਇਕੱਠੇ ਹੋਏ ਮਜ਼ਦੂਰ ਮਰਦ ਔਰਤਾਂ ਨੇ ਇਹ ਫੈਸਲਾ ਕੀਤਾ ਕਿ ਜਥੇਬੰਦੀ ਦੇ ਨਾਲ ਮਿਲਕੇ ਤਿੱਖਾ ਸੰਘਰਸ਼ ਕੀਤਾ ਜਾਵੇਗਾ ਜਿਸ ਦੇ ਨਫੇ ਨੁਕਸਾਨ ਦੀ ਜੁੰਮੇਵਾਰੀ ਸਿੱਖਿਆ ਮਹਿਕਮੇ ਦੀ ਹੋਵੇਗੀ ਅਤੇ ਨਾਲ ਹੀ ਜੋ ਇੱਕ ਅਕਤੂਬਰ ਨੂੰ ਸੀ ਐਮ ਭਗਵੰਤ ਸਿੰਘ ਮਾਨ ਦੀ ਕੋਠੀ ਅੱਗੇ ਮਜ਼ਦੂਰ ਮੰਗਾਂ ਮਸਲਿਆਂ ਤੇ ਧਰਨਾ ਦਿੱਤਾ ਜਾ ਰਿਹਾ ਹੈ। ਉਸ ਦੇ ਵਿੱਚ ਵੱਧ ਚੜ ਕੇ ਸ਼ਮੂਲੀਅਤ ਕੀਤੀ ਜਾਵੇਗੀ ਹੋਰਨਾਂ ਤੋਂ ਇਲਾਵਾ ਇਸ ਮੌਕੇ ਮਲਕੀਤ ਸਿੰਘ ਲਾਭ ਸਿੰਘ ਸੇਲਬਰਾਹ ਕਰਨੈਲ ਸਿੰਘ ਫੌਜੀ ਸਿੰਘ ਚਮਕੌਰ ਸਿੰਘ ਬੱਬੀ ਸੁਰਮੁੱਖ ਸਿੰਘ ਮਨਪ੍ਰੀਤ ਕੌਰ ਆਦਿ ਆਗੂ ਹਾਜਰ ਸਨ।



# 'ਹਰ ਸ਼ੁਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਜਾਗਰੂਕਤਾ'

ਰਾਮਪੁਰਾ ਫੂਲ, 13 ਸਤੰਬਰ (ਰਜਨੀਸ਼ ਕਰਕਰਾ):ਜ਼ਿਲ੍ਹਾ ਸਿਹਤ ਅਫ਼ਸਰ ਡਾਕਟਰ ਊਸ਼ਾ ਗੋਇਲ , ਜ਼ਿਲ੍ਹਾ ਐਪੀਡੀਮੋਲੋਜਿਸਟ ਡਾਕਟਰ ਮਯੋਕਜੋਤ ਸਿੰਘ, ਸੀਨੀਅਰ ਮੈਡੀਕਲ ਅਫ਼ਸਰ ਰਾਮਪੁਰਾ ਫੂਲ ਡਾਕਟਰ ਗੁਰਿੰਦਰ ਰੀਤ ਅਤੇ ਸੀਨੀਅਰ ਮੈਡੀਕਲ ਅਫ਼ਸਰ ਭਗਤਾ ਭਾਈ ਕਾ ਡਾਕਟਰ ਸੀਮਾ ਗੁਪਤਾ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਦੀ ਟੀਮ ਵੱਲੋਂ ਵੈਟਰਨਰੀ ਸਾਇੰਸ ਕਾਲਜ ਰਾਮਪੁਰਾ ਫੂਲ ਕੰਪਲੈਕਸ, ਮਾਰਕੀਟ ਕਮੇਟੀ ਦਫ਼ਤਰ,ਫਾਇਰ ਬ੍ਰਿਗੇਡ, ਵਾਟਰ ਵਰਕਸ, ਵਣ ਰੇਂਜ ਦਫ਼ਤਰ,ਆਰ ਓ ਪਲਾਂਟ ਆਦਿ ਵਿਖੇ ਵਿਜ਼ਿਟ ਕਰਕੇ ਮੱਛਰਾਂ ਦੀ ਪੈਦਾਇਸ਼ ਨੂੰ ਰੋਕਣ ਲਈ ਜਾਗਰੂਕ ਕੀਤਾ, ਇਸ ਮੌਕੇ ਮਲਟੀਪਰਪਜ ਹੈਲਥ ਸੁਪਰਵਾਈਜ਼ਰ ਬਲਵੀਰ ਸਿੰਘ ਸੰਧੂ ਕਲਾਂ ਨੇ ਦੱਸਿਆ ਕਿ ਮੱਛਰਾਂ ਦੀ ਪੈਦਾਇਸ਼ ਪਾਣੀ ਉਪਰ ਸ਼ੁਰੂ ਹੁੰਦੀ ਹੈ, ਇਸ ਲਈ ਹਰ ਪਾਣੀ ਵਾਲੇ ਬਰਤਨਾਂ ਨੂੰ ਢੱਕ ਕੇ ਰੱਖਿਆ ਜਾਵੇ, ਗਮਲੇ, ਪਸ਼ੂਆਂ ਦੇ ਪੀਣ ਵਾਲੀਆਂ ਖੇਲਾਂ, ਪੰਛੀਆਂ ਦੇ ਪੀਣ ਵਾਲੇ ਕਟੋਰੇ, ਅਣਢੱਕੀਆ ਟੈਂਕੀਆਂ,ਹੌਦੀਆ, ਇਕੱਠਾ ਹੋਇਆ ਪਾਣੀ ਮੱਛਰਾਂ ਦੇ ਪਨਪਣ ਲਈ ਸਹਾਈ ਹੁੰਦਾ ਹੈ, ਫਰਿੱਜ ਦੀ ਪਿਛਲੇ ਪਾਸੇ ਟਰੇਅ, ਇਕੱਠੇ ਹੋਏ ਪਾਣੀ ਉਪਰ ਲਾਰਵੇ ਨੂੰ ਖਤਮ ਕਰਨ ਲਈ ਮਿੱਟੀ ਦਾ ਤੇਲ ਜਾਂ ਡੀਜ਼ਲ ਪਾਇਆ ਜਾ ਸਕਦਾ ਹੈ, ਇਸ ਮੌਕੇ ਮਲਟੀਪਰਪਜ ਹੈਲਥ ਵਰਕਰਜ ਜਸਵਿੰਦਰ ਸਿੰਘ ਡਿੱਖ, ਨਰਪਿੰਦਰ ਸਿੰਘ ਅਤੇ ਬਰੀਡਿੰਗ ਵਰਕਰਜ ਮੌਜੂਦ ਸਨ, ਕਾਲਜ ਆਫ਼ ਵੈਟਰਨਰੀ ਸਾਇੰਸ ਦੇ ਐਨ ਐਨ ਐਸ ਇੰਚਾਰਜ ਡਾਕਟਰ ਅਨਾਵਿਲ ਭਾਰਦਵਾਜ ਅਤੇ ਡਾਕਟਰ ਦਵੋਡ ਆਮਿਰ ਵਾਰਡਨ ਨੇ ਸਿਹਤ ਵਿਭਾਗ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਪੂਰਨ ਸਹਿਯੋਗ ਦਿੱਤਾ!




# ਸਵ: ਪਰਸ਼ੋਤਮ ਗਰਗ ਦੀ ਯਾਦ 'ਚ ਸਮਰਪਿਤ ਚਾਰ ਰੋਜ਼ਾ ਯੋਗਾ ਕੈਂਪ ਸ਼ੁਰੂ



## ਯੋਗਾ ਸਰੀਰ ਨੂੰ ਤੰਦਰੁਸਤ, ਮਜ਼ਬੂਤ ਅਤੇ ਤਰੋਤਾਜ਼ਾ ਰੱਖਣ ਲਈ ਜ਼ਰੂਰੀ-ਕੈਬਨਿਟ ਮੰਤਰੀ ਜੌੜਾਮਾਜਰਾ

**ਆਜ਼ਾਦ ਸੋਚ**
**ਰਾਜਿੰਦਰ ਫ਼ਤਿਹਪੁਰ/ਸੰਜੇ ਬਾਂਸਲ**
**ਸਮਾਣਾ , 13 ਸਤੰਬਰ**

ਸਥਾਨਕ ਸਤੀ ਮੰਦਿਰ ਧਰਮਸ਼ਾਲਾ ਵਿਖੇ ਸਵ ਪਰਸ਼ੋਤਮ ਗਰਗ ਦੀ ਯਾਦ ਵਿੱਚ ਲਗਾਏ ਜਾ ਰਹੇ ਚਾਰ ਰੋਜ਼ਾ ਯੋਗਾ ਕੈਂਪ ਵਿੱਚ ਅੱਜ ਕੈਬਨਿਟ ਮੰਤਰੀ ਪੰਜਾਬ ਸਰਦਾਰ ਚੇਤਨ ਸਿੰਘ ਜੌੜਾਮਾਜਰਾ, ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ ਅਤੇ ਅਰੋੜਾ ਬਿਰਾਦਰੀ ਦੇ ਪ੍ਰਧਾਨ ਜਤਿੰਦਰ ਹੈਪੀ ਢੀਂਗੜਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਇਸ ਮੌਕੇ ਕੈਬਨਿਟ ਮੰਤਰੀ ਜੌੜਾਮਾਜਰਾ ਨੇ ਕਿਹਾ ਕਿ ਯੋਗਾ ਜਿੱਥੇ ਸਰੀਰ ਨੂੰ ਤੰਦਰੁਸਤ ਰੱਖਦਾ ਹੈ ਉੱਥੇ ਹੀ ਮਨ ਨੂੰ ਵੀ ਮਜ਼ਬੂਤ ਤੇ ਤਰੋਤਾਜ਼ਾ ਕਰਦਾ ਹੈ। ਯੋਗਾ ਨਾਲ ਦਿਨ ਦੀ ਸ਼ੁਰੂਆਤ ਇੱਕ ਨਵੀਂ ਊਰਜਾ ਨਾਲ ਹੁੰਦੀ ਹੈ।ਇਸ ਮੌਕੇ ਯੋਗਾ ਮਾਹਿਰ ਸ੍ਰੀ ਰਾਜਿੰਦਰ ਕੁਮਾਰ ਨੇ ਯੋਗਾ ਕਿਰਿਆਵਾਂ ਕਰਵਾਈਆਂ ਅਤੇ ਵਧੀਆ ਯੋਗਾ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰੇਮ ਗਰਗ, ਕਿਟੀ ਗਰਗ, ਵਿਜੇ ਗਰਗ, ਰਵੀ ਗਰਗ, ਵਿਨੋਦ ਕੁਮਾਰ, ਭਗਵਾਨ ਦਾਸ, ਨਰੇਸ਼ ਕੁਮਾਰ, ਸ਼ੁਭਾਸ ਚੰਦਰ ਅਤੇ ਮੇਘ ਰਾਜ ਆਦਿ ਵੀ ਮੌਜੂਦ ਰਹੇ।

# ਵਿਸ਼ਵ ਸਿਹਤ ਸੰਗਠਨ ਵੱਲੋਂ ਮੰਕੀਪੌਕਸ ਦੇ ਪਹਿਲੇ ਟੀਕੇ ਨੂੰ ਮਨਜ਼ੂਰੀ

ਜਨੇਵਾ, 13 ਸਤੰਬਰ (ਆਜ਼ਾਦ ਸੋਚ ਬਿਊਰੋ) :ਵਿਸ਼ਵ ਸਿਹਤ ਸੰਗਠਨ (ਡਬਲਿਊਐਚਓ) ਨੇ ਅੱਜ ਕਿਹਾ ਕਿ ਉਸ ਨੇ ਬਾਲਗਾਂ 'ਚ ਮੰਕੀਪੌਕਸ ਦੇ ਇਲਾਜ ਵਾਸਤੇ ਟੀਕੇ ਦੀ ਵਰਤੋਂ ਲਈ ਪਹਿਲੀ ਮਨਜ਼ੂਰੀ ਦੇ ਦਿੱਤੀ ਹੈ। ਟੀਕੇ ਨੂੰ ਮਨਜ਼ੂਰੀ ਦੇਣ ਦਾ ਮਤਲਬ ਹੈ ਕਿ ਜੀਏਵੀਆਈ ਵੈਕਸੀਨ ਅਲਾਇੰਸ ਅਤੇ ਯੂਨੀਸੈਫ ਵਰਗੇ ਦਾਨੀ ਇਸ ਨੂੰ ਖਰੀਦ ਸਕਦੇ ਹਨ। ਸਪਲਾਇਰ ਸਿਰਫ ਇੱਕ ਹੋਣ ਕਾਰਨ ਇਸ ਟੀਕੇ ਦੀ ਸਪਲਾਈ ਸੀਮਤ ਹੈ। ਡਬਲਿਊਐਚਓ ਦੇ ਡਾਇਰੈਕਟਰ ਜਨਰਲ ਟੈਡਰੋਸ ਅਧਾਨੋਮ ਘੇਬਰੇਸਿਸ ਨੇ ਕਿਹਾ, "ਮੰਕੀਪੌਕਸ ਦੇ ਇਲਾਜ ਲਈ ਟੀਕੇ ਨੂੰ ਮਨਜ਼ੂਰੀ ਮਿਲਣਾ ਅਫਰੀਕਾ ਅਤੇ ਹੋਰ ਥਾਵਾਂ 'ਤੇ ਇਸ ਬਿਮਾਰੀ ਖ਼ ?ਲਾਫ਼ ਸਾਡੀ ਲੜਾਈ 'ਚ ਅਹਿਮ ਕਦਮ ਹੈ।"

# ਸੜਕਾਂ 'ਤੇ ਮੌਤ ਬਣ ਘੁੰਮਦੇ ਅਵਾਰਾ ਪਸ਼ੂ ਬਣ ਰਹੇ ਹਾਦਸਿਆਂ ਦਾ ਕਾਰਨ

## ਪਸ਼ੂਆਂ ਕਾਰਨ ਅਨੇਕਾਂ ਹਾਦਸੇ ਵਾਪਰਨ ਤੋਂ ਬਾਅਦ ਵੀ ਪ੍ਰਸ਼ਾਸਨ ਨਹੀਂ ਲੈ ਰਿਹਾ ਸਬਕ

**ਆਜ਼ਾਦ ਸੋਚ**
**ਅਵਤਾਰ ਸੈਣੀ**
**ਜ਼ੀਰਕਪੁਰ , 13 ਸਤੰਬਰ**

ਜ਼ੀਰਕਪੁਰ ਸ਼ਹਿਰ ਦੇ ਚੰਡੀਗੜ੍ਹ-ਅੰਬਾਲਾ ਰੋਡ, ਪਟਿਆਲਾ ਰੋਡ, ਪੰਚਕੂਲਾ ਰੋਡ, ਵੀਆਈਪੀ ਰੋਡ ਸਮੇਤ ਸ਼ਹਿਰ ਦੀ ਹਰ ਕਾਲੋਨੀ ਹਰ ਗਲੀ ਮੁਹੱਲੇ ਅੰਦਰ ਘੁੰਮਦੇ ਅਵਾਰਾ ਪਸ਼ੂ ਆਮ ਦੇਖਣ ਨੂੰ ਮਿਲ ਜਾਣਗੇ ਜੋ ਕਿ ਰੋਜਾਨਾ ਹੀ ਦੁਰਘਟਨਾਵਾਂ ਦੀ ਵਜ ?ਹਾ ਬਣ ਰਹੇ ਹਨ। ਬੀਤੇ ਸਮੇਂ ਤੇ ਨਜ਼ਰ ਮਾਰੀ ਜਾਵੇ ਤਾਂ ਬਲਟਾਨਾ ਇਲਾਕੇ ਅੰਦਰ ਅਵਾਰਾ ਪਸ਼ੂ ਦੇ ਹਮਲੇ ਵਿਚ ਇਕ ਵਿਅਕਤੀ ਨੂੰ ਆਪਣੀ ਜਾਨ ਤੋਂ ਹੱਥ ਧੋਣਾ ਪਿਆ ਸੀ ਅਤੇ ਢਕੋਲੀ ਖੇਤਰ ਵਿੱਚ ਬੀਤੇ ਵਰ੍ਹੇ ਇੱਕ ਮਾਂ ਧੀ ਨੂੰ ਟੱਕਰ ਮਾਰ ਕੇ ਜਖਮੀ ਕਰ ਦਿੱਤਾ ਸੀ ਅਤੇ ਗਾਜੀਪੁਰ ਪਿੰਡ ਚ ਵੀ ਇੱਕ ਬੁਜ਼ੁਰਗ ਨੂੰ ਅਵਾਰਾ ਪਸ਼ੂ ਕਾਰਨ ਅਪਣੀ ਜਾਨ ਗਵਾਉਣੀ ਪਈ ਸੀ। ਇਸ ਤਰ੍ਹਾਂ ਸ਼ਹਿਰ ਦੀਆਂ ਸੜਕਾਂ ਤੇ ਪਤਾ ਨਹੀਂ ਕਿੰਨੇ ਕੁ ਹਾਦਸੇ ਹਰ ਰੋਜ਼ ਵਾਪਰਦੇ ਰਹਿੰਦੇ ਹਨ। ਸ਼ਹਿਰ ਵਿੱਚ ਆਵਾਰਾ ਪਸ਼ੂਆਂ ਦੀ ਵੱਡੀ ਗਿਣਤੀ ਸ਼ਹਿਰ ਵਾਸੀਆਂ ਸਮੇਤ ਰਾਹਗੀਰਾਂ ਲਈ ਸਮੱਸਿਆ ਬਣਦੀ ਜਾ ਰਹੀ ਹੈ। ਇਹਨਾਂ ਆਵਾਰਾ ਪਸ਼ੂਆਂ ਕਾਰਨ ਸੜਕਾਂ ਉਪਰ ਰੋਜਾਨਾ ਸੜਕ ਹਾਦਸੇ ਵਾਪਰ ਰਹੇ ਹਨ। ਜਿਸ ਕਾਰਨ ਜਾਨੀ ਅਤੇ ਮਾਲੀ ਨੁਕਸਾਨ ਹੋ ਰਿਹਾ ਹੈ। ਪਰ ਇਸਦੇ ਬਾਵਜੂਦ ਸਰਕਾਰ ਅਤੇ ਨਗਰ ਕੌਂਸਲ ਪ੍ਰਸ਼ਾਸ਼ਨ ਇਸ ਸਮੱਸਿਆ ਵੱਲ ਧਿਆਨ ਹੀ ਨਹੀਂ ਦੇ ਰਿਹਾ ਜਾਂ ਫਿਰ ਇੰਝ ਕਹਿ ਲਈਏ ਕਿ ਪ੍ਰਸ਼ਾਸਨ ਆਵਾਰਾ ਪਸ਼ੂਆਂ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ਲੰਬੇ ਸਮੇਂ ਤੋਂ ਨਾਕਾਮ ਸਾਬਿਤ ਹੋ ਰਿਹਾ ਹੈ। ਅਵਾਰਾ ਪਸ਼ੂਆਂ ਦੀ ਸਮੱਸਿਆ ਨਾਲ ਨਜਿੱਠਣ ਅਤੇ ਗਊਸ਼ਾਲਾਵਾਂ ਦੇ ਰੱਖ-ਰਖਾਅ ਲਈ ਸਰਕਾਰ ਪਿਛਲੇ ਕਈ ਸਾਲਾਂ ਤੋਂ 'ਗਊ ਸੈੱਸ' ਦੇ ਨਾਂ 'ਤੇ ਕਰੋੜ ?ਾਂ ਰੁਪਏ ਇਕੱਠਾ ਕਰ ਰਹੀ ਹੈ, ਪਰ ਜ਼ਮੀਨੀ ਪੱਧਰ 'ਤੇ ਪ੍ਰਸ਼ਾਸਨ ਵੱਲੋਂ ਆਮ ਜਨਤਾ ਨੂੰ ਇਹਨਾਂ ਅਵਾਰਾ ਪਸ਼ੂਆਂ ਦੀ ਸੱਮਸਿਆ ਤੋਂ ਨਿਜਾਤ ਦਿਵਾਉਣ ਲਈ ਕੋਈ ਕਦਮ ਨਹੀਂ ਚੁੱਕਿਆ ਜਾ ਰਿਹਾ। ਇਸ ਸਮੱਸਿਆ ਸਬੰਧੀ ਗੱਲਬਾਤ ਕਰਦਿਆਂ ÷ ਹਿਊਮਨ ਰਾਈਟਸ ਵੈਲਫੇਅਰ ਸੋਸਾਇਟੀ÷ ਦੇ ਪ੍ਰਧਾਨ ਨੇ ਜਥੇਦਾਰ ਹਰਬੰਸ ਸਿੰਘ ਨੇ ਦੱਸਿਆ ਕਿ ਸ਼ਹਿਰ ਦੀ ਮੁੱਖ ਸੜਕਾਂ ਤੇ ਘੁੰਮਦੇ ਇਹਨਾਂ ਆਵਾਰਾ ਪਸ਼ੂਆਂ ਦੀ ਸਮੱਸਿਆ ਸ਼ਹਿਰ ਵਾਸੀਆਂ ਸਮੇਤ ਆਸ ਪਾਸ ਦੇ ਪਿੰਡਾਂ ਦੇ ਕਿਸਾਨਾਂ ਲਈ ਵੱਡੀ ਪ੍ਰੇਸ਼ਾਨੀ ਬਣ ਚੁੱਕੀ ਹੈ। ਉਨ੍ਹਾਂ ਦਸਿਆ ਕਿ ਹਲਕਾ ਡੇਰਾਬੱਸੀ ਦੇ ਲਾਲੜੂ ਖੇਤਰ ਦੇ ਪਿੰਡ ਮਗਰਾ ਵਿੱਚ ਇੱਕ ਸਰਕਾਰੀ ਗਊਸ਼ਾਲਾ ਅਤੇ ਜ਼ੀਰਕਪੁਰ ਸ਼ਹਿਰ ਚ ਪ੍ਰਾਈਵੇਟ ਗਊਸ਼ਾਲਾਵਾਂ ਹੋਣ ਦੇ ਬਾਵਜੂਦ ਪ੍ਰਸ਼ਾਸਨ ਵੱਲੋਂ ਆਵਾਰਾ ਪਸ਼ੂਆਂ ਦੀ ਸਮੱਸਿਆ ਦਾ ਕੋਈ ਹੱਲ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਦਸਿਆ ਕਿ ਸੜਕਾਂ ਉਪਰ ਖੜੇ ਅਤੇ ਬੈਠੇ ਬੇਸਹਾਰਾ ਪਸ਼ੂ ਸੜਕ ਹਾਦਸਿਆਂ ਦਾ ਕਾਰਨ ਬਣ ਰਹੇ ਹਨ। ਇਸਦੇ ਬਾਵਜੂਦ ਨਗਰ ਕੌਂਸਲ ਅਧਿਕਾਰੀ ਗੂੜ੍ਹੀ ਨੀਂਦ ਸੁੱਤੇ ਜਾਪ ਰਹੇ ਹਨ। ਜਥੇਦਾਰ ਹਰਬੰਸ ਸਿੰਘ ਨੇ ਪ੍ਰਸ਼ਾਨਿਕ ਅਧਿਕਾਰੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਆ ਰਹੀ ਇਸ ਸਮੱਸਿਆ ਦਾ ਛੇਤੀ ਹੱਲ ਕੀਤਾ ਜਾਵੇ ਨਹੀਂ ਤਾਂ ਲੋਕ ਸੜਕਾਂ ਤੇ ਆਉਣ ਲਈ ਮਜਬੂਰ ਹੋ ਜਾਣਗੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੂੰ ਲੋਕਾਂ ਦੀ ਜਿੰਦਗੀ ਬਚਾਉਣ ਲਈ ਨੀਂਦੋਂ ਜਾਗਣਾ ਪਵੇਗਾ ਤਾਹੀਂ ਆਉਣ ਵਾਲੇ ਸਮੇਂ ਵਿੱਚ ਇਹਨਾਂ ਅਵਾਰਾ ਪਸ਼ੂਆਂ ਕਾਰਨ ਹੋਣ ਵਾਲੀਆਂ ਅਣਸੁਖਾਵੀਂ ਘਟਨਾਵਾਂ ਨੂੰ ਰੋਕਿਆ ਜਾ ਸਕਦਾ ਹੈ।



# ਸਰਕਲ, ਸਮਾਣਾ ਜਿਲ੍ਹਾ, ਪਟਿਆਲਾ ਵਿਖੇ ਪੋਸ਼ਣ ਰਾਸ਼ਟਰਿਆ ਪੋਸ਼ਣ ਮਾਂਹ ਪ੍ਰਭਾਵਸ਼ਾਲੀ ਸਮਾਗਮ



**ਆਜ਼ਾਦ ਸੋਚ**
**ਰਾਜਿੰਦਰ ਫ਼ਤਿਹਪੁਰ/ਸੰਜੇ ਬਾਂਸਲ**
**ਸਮਾਣਾ, 13 ਸਤੰਬਰ**

ਡਾਇਰੈਕਟਰ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤੇ ਸੀ.ਡੀ.ਪੀ.ਓ ਸ਼੍ਰੀਮਤੀ ਜਸਬੀਰ ਕੌਰ ਅਤੇ ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਸ਼੍ਰਮਤੀ ਵੰਦਨਾ ਗੁਪਤਾ ਜੀ ਦੀ ਅਗਵਾਈ ਵਿੱਚ ਬਲਾਕ, ਸਮਾਣਾ ਦੇ ਸਮੂਹ ਆਂਗਣਵਾੜੀ ਕੇਂਦਰਾਂ ਵਿੱਚ ਪੋਸ਼ਣ ਮਾਂਹ ਮਨਾਇਆ ਜਾ ਰਿਹਾ, ਜਿਸ ਦੇ ਤਹਿਤ ਅੱਜ ਇਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸੁਪਰਵਾਈਜ਼ਰ, ਗੁਰਪ੍ਰੀਤ ਕੌਰ ਸਰਕਲ ਧਨੇਠਾ ਅਤੇ ਬਲਾਕ ਕੋਰਡੀਨੇਟਰ ਸ਼ਿਵ ਕੁਮਾਰ ਵੱਲੋਂ ਲਾਭਪਾਤਰੀਆਂ ਨਰਸਿੰਗ ਮਾਵਾਂ, ਕਿਸ਼ੋਰੀਆਂ ਆਂਗਣਵਾੜੀ ਵਰਕਰਾਂ, ਹੈਲਪਰਾਂ ਨੂੰ ਅਨੀਮੀਆ ਬਾਰੇ ਜਾਣਕਾਰੀ ਦਿੱਤੀ ਅਤੇ ਗਰਭਵਤੀ ਔਰਤਾਂ ਦੀ ਗੋਦ ਭਰਾਈ ਵੀ ਕੀਤੀ ਗਈ। ਇਸ ਮੌਕੇ ਤੇ ਸਮੂਹ ਸੁਪਰਵਾਈਜਰਾਂ ਨੇ ਲਾਭਪਾਤਰੀਆਂ, ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ , ਕਿਸ਼ੋਰੀਆਂ, ਗਰਭਵਤੀ ਮਹਿਲਾਵਾਂ ਨੂੰ ਸਰਕਾਰ ਦੁਆਰਾ ਵੱਖ-ਵੱਖ ਸਕੀਮਾਂ ਰਾਹੀਂ ਮਿਲਣ ਵਾਲੀਆਂ ਸਹੂਲਤਾਂ ਤੋਂ ਜਾਣੂ ਕਰਵਾਇਆ ਗਿਆ।

# ਹਲਕਾ ਘਨੌਰ ਦਾ ਮਾਣ ਜਸਵਿੰਦਰ ਚਪੜ੍ਹ ਸਟੇਟ ਅਵਾਰਡੀ ਦਾ ਖੇਡ ਕਮੇਟੀ ਘਨੌਰ ਵੱਲੋਂ ਸਨਮਾਨ



**ਆਜ਼ਾਦ ਸੋਚ**
**ਮੇਜਰ ਸਿੰਘ ਪੰਜਾਬੀ/ਚੰਡੀਗੜ੍ਹ, 13 ਸਤੰਬਰ**

ਹਲਕਾ ਘਨੌਰ ਦੇ ਉਲਾਣਾ ਪਿੰਡ ਦੇ ਸਰਕਾਰੀ ਸਕੂਲ ਵਿਚ ਬਤੌਰ ਸਰੀਰਕ ਸਿੱਖਿਆ ਅਧਿਆਪਕ ਅਤੇ ਖੇਡ ਸਕੱਤਰ ਘਨੌਰ ਸ. ਜਸਵਿੰਦਰ ਸਿੰਘ ਚਪੜ੍ਹ ਨੂੰ ਪੰਜਾਬ ਸਰਕਾਰ - ਸਿੱਖਿਆ ਵਿਭਾਗ ਵੱਲੋਂ ਅਧਿਆਪਕ ਦਿਵਸ ਮੌਕੇ ਹੁਸ਼ਿਆਰਪੁਰ ਵਿਖੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ, ਸਿੱਖਿਆ ਸਕੱਤਰ ਸ੍ਰੀ ਕਮਲ ਕਿਸ਼ੋਰ ਯਾਦਵ ਜੀ ਨੇ ਅਧਿਆਪਕ ਰਾਜ ਪੁਰਸਕਾਰ (ਸਟੇਟ ਅਵਾਰਡ ਪੰਜਾਬ) ਨਾਲ ਸਨਮਾਨਿਤ ਕੀਤਾ ਹੈ। ਖੇਡ ਸਕੱਤਰ ਸ. ਜਸਵਿੰਦਰ ਸਿੰਘ ਜਦੋਂ ਖੇਡਾਂ ਘਨੌਰ ਵਿਖੇ ਪਹੁੰਚੇ ਤਾਂ ਜ਼ੋਨ ਖੇਡ ਕਮੇਟੀ ਦੇ ਪ੍ਰਧਾਨ ਸ੍ਰੀ ਰਾਜ ਕੁਮਾਰ, ਕੈਸ਼ੀਅਰ ਸ੍ਰੀ ਵਿਕਾਸ਼ ਜਿੰਦਲ - ਸਮੂਹ ਸਰੀਰਕ ਸਿੱਖਿਆ ਅਧਿਆਪਕਾਂ ਨੇ ਭਰਵਾਂ ਸੁਆਗਤ ਅਤੇ ਵਿਸ਼ੇਸ਼ ਸਨਮਾਨ ਕੀਤਾ। ਪ੍ਰਿੰਸੀਪਲ ਰਾਜ ਕੁਮਾਰ ਨੌਗਾਵਾਂ ਨੇ ਵਧਾਈਆਂ ਦਿੰਦੇ ਕਿਹਾ ਕਿ ਜਸਵਿੰਦਰ ਚਪੜ੍ਹ ਨੂੰ ਐਵਾਰਡ ਮਿਲਣਾ - ਸਰੀਰਕ ਸਿੱਖਿਆ ਅਧਿਆਪਕਾਂ ਦਾ ਅਤੇ ਘਨੌਰ ਹਲਕੇ ਲਈ ਵੱਡੇ ਮਾਣ ਵਾਲੀ ਗੱਲ ਹੈ। ਇਹ ਸਕੂਲ ਸੇਵਾ ਤੋ ਇਲਾਵਾ ਗੱਤਕਾ ਅਬਜਰਬਰ ਪੰਜਾਬ,ਖੇਡ ਸਕੱਤਰ ਘਨੌਰ, ਖੇਡ ਸਟੇਡੀਅਮ ਉਲਾਣਾ ਦੀ ਸੇਵਾ, ਨੋਡਲ ਅਫ਼ਸਰ ਇਲੈਕਸ਼ਨ 113 ਹਲਕਾ ਘਨੌਰ, ਸਰੀਰਕ ਸਿੱਖਿਆ ਅਧਿਆਪਕ ਯੂਨੀਅਨ - ਪੰਜਾਬ, ਐਸ.ਸੀ,ਬੀ.ਸੀ. ਕਰਮਚਾਰੀ ਫੈਡਰੇਸ਼ਨ ਪੰਜਾਬ ਦੀ ਸੇਵਾ ਬਾਕਮਾਲ ਕਰ ਰਹੇ ਹਨ। ਇਹ ਇਕ ਇਨਸਾਨ ਨਹੀ ਵੱਡੀ ਸੰਸਥਾ ਬਣ ਚੁੱਕੇ ਹਨ। ਅੱਜ ਸਾਰਿਆਂ ਨੂੰ ਬਹੁਤ ਖੁਸ਼ੀ ਹੋ ਰਹੀ ਸੀ ਕਿਉਂਕਿ ਇੱਕ ਸੰਘਰਸ਼ੀ - ਮਿਹਨਤੀ ਅਧਿਆਪਕ ਨੂੰ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਨੇ ਇਸ ਸਨਮਾਨ ਨਾਲ ਨਿਵਾਜਿਆ ਹੈ। ਸਟੇਟ ਅਵਾਰਡੀ ਜਸਵਿੰਦਰ ਚਪੜ੍ਹ ਦਾ ਫੁੱਲਾਂ ਦੇ ਹਾਰਾਂ, ਬੁੱਕਿਆਂ ਨਾਲ, ਕੇਕ ਕਟਾ ਕੇ, ਗਿਫ਼ਟ ਦੇ ਕੇ ਵਿਸ਼ੇਸ਼ ਪਿਆਰ - ਸਤਿਕਾਰ ਕੀਤਾ।

ਬਾਅਦ ਵਿਚ ਸਾਰਿਆਂ ਨੇ ਰਲ ਕੇ ਭੰਗੜਾ /ਗਿੱਧਾ ਪਾ ਕੇ ਖੁਸ਼ੀ ਮਨਾਈ। ਇਸ ਮੌਕੇ ਸ. ਗੁਰਪ੍ਰੀਤ ਸਿੰਘ, ਹਰਮਹਿੰਦਰ ਸਿੰਘ, ਪਰਦੀਪ ਕੁਮਾਰ, ਅਸ਼ਵਨੀ ਕੁਮਾਰ, ਸ੍ਰੀ ਅਲਬਰਟ, ਬਾਗ ਸਿੰਘ, ਹਰਨੇਕ ਸਿੰਘ, ਇੰਦਰਜੀਤ ਰਾਜ, ਸੰਜੀਵ ਸੋਹਲ, ਕਰਮਜੀਤ ਸਿੰਘ,ਹਰਪ੍ਰੀਤ ਸਿੰਘ, ਅਰੁਣ ਕੁਮਾਰ, ਰਣਜੀਤ ਸਿੰਘ, ਮੈਡਮ ਪ੍ਰਦੀਪ ਕੌਰ ਸੁਪਤਨੀ ਜਸਵਿੰਦਰ ਚਪੜ੍ਹ, ਮੈਡਮ ਰਾਜਵਿੰਦਰ ਕੌਰ - ਬਹਾਦਰਗੜ੍ਹ - ਉਲਾਣਾ, ਜਸਵੰਤ ਕੌਰ, ਹਰਮੀਤ ਕੌਰ, ਪਰਮਜੀਤ ਕੌਰ ਕਪੂਰੀ - ਚਪੜ੍ਹ, ਅਮਨਦੀਪ ਕੌਰ, ਦਰਸ਼ਨ ਕੌਰ, ਰੁਪਿੰਦਰ ਕੌਰ, ਕਵਲਪ੍ਰੀਤ ਕੌਰ, ਵਰਿੰਦਰਜੀਤ ਕੌਰ, ਰਾਧਾ ਰਾਣੀ, ਹਰਪ੍ਰੀਤ ਕੌਰ, ਨਵਜੋਤ ਕੌਰ, ਨਵਦੀਪ ਕੌਰ, ਤੋਂ ਇਲਾਵਾ ਵੱਡੀ ਗਿਣਤੀ ਵਿਚ ਸਰੀਰਕ ਸਿੱਖਿਆ ਅਧਿਆਪਕ ਅਤੇ ਖਿਡਾਰੀ ਹਾਜ਼ਰ ਰਹੇ। ਸ਼੍ਰੀ ਪਰਦੀਪ ਕੁਮਾਰ ਗਦਾਪੁਰ ਨੇ ਮੰਚ ਸੰਚਾਲਨ ਖੂਬਸੂਰਤ ਤਰੀਕੇ ਨਾਲ ਨਿਭਾਇਆ।

## ਸੰਪਾਦਕੀ

### ਆਜ਼ਾਦ ਸੋਚ

# ਰਾਸ਼ਿਦ ਦੀ ਜ਼ਮਾਨਤ ਦੇ ਮਾਇਨੇ

ਬਾਰਾਮੂਲਾ ਤੋਂ ਲੋਕ ਸਭਾ ਮੈਂਬਰ ਇੰਜਨੀਅਰ ਰਾਸ਼ਿਦ ਦੀ ਅੰਤਰਿਮ ਜ਼ਮਾਨਤ ਜੰਮੂ ਕਸ਼ਮੀਰ ਦੇ ਉੱਭਰ ਰਹੇ ਸਿਆਸੀ ਭੂ-ਦ੍ਰਿਸ਼ ਲਈ ਇੱਕ ਅਹਿਮ ਪਲ ਹੈ। ਲੰਮੇ ਅਰਸੇ ਤੋਂ ਉਨ੍ਹਾਂ ਦਾ ਨਾਂ ਵੱਖਵਾਦੀ ਵਿਚਾਰਧਾਰਾ ਅਤੇ ਦਹਿਸ਼ਤਗਰਦੀ ਲਈ ਫੰਡ ਜੁਟਾਉਣ ਦੀਆਂ ਕਾਰਵਾਈਆਂ ਨਾਲ ਜੋੜ ਕੇ ਦੇਖਿਆ ਜਾਂਦਾ ਰਿਹਾ ਸੀ ਅਤੇ 2019 ਵਿੱਚ ਗ਼ੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂਏਪੀਏ) ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਹੁਣ ਉਨ੍ਹਾਂ ਨੂੰ ਜੰਮੂ ਕਸ਼ਮੀਰ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਕਰਨ ਵਾਸਤੇ ਰਿਹਾਅ ਕੀਤਾ ਗਿਆ ਹੈ ਜੋ ਇੱਕ ਅਜਿਹਾ ਮੌਕਾ ਹੈ ਜਿਸ ਨਾਲ ਖ਼ ?ਤੇ ਦੇ ਸਿਆਸੀ ਗਤੀਮਾਨ ਬਦਲ ਸਕਦੇ ਹਨ। ਰਾਸ਼ਿਦ ਦਾ ਚੁਣਾਵੀ ਇਤਿਹਾਸ ਵੀ ਜ਼ਿਕਰਯੋਗ ਹੈ। ਉਸ ਨੇ 2024 ਦੀ ਲੋਕ ਸਭਾ ਚੋਣ ਵਿੱਚ ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੂੰ ਹਰਾ ਕੇ ਆਪਣੀ ਮੁਕਾਮੀ ਹਮਾਇਤ ਸਿੱਧ ਕੀਤੀ ਸੀ। ਹੁਣ ਸਿਆਸੀ ਮੈਦਾਨ ਵਿੱਚ ਉਨ੍ਹਾਂ ਦੀ ਵਾਪਸੀ ਨਾਲ ਸਾਬਕਾ ਵੱਖਵਾਦੀ ਆਗੂਆਂ ਦੇ ਮੁੱਖਧਾਰਾ ਦੀ ਸਿਆਸੀ ਪ੍ਰਕਿਰਿਆ ਵਿੱਚ ਵਾਪਸ ਆਉਣ ਦੇ ਕਿਆਸ ਲਾਏ ਜਾ ਰਹੇ ਹਨ। ਉਨ੍ਹਾਂ ਦੀ ਅਗਵਾਈ ਵਾਲੀ ਅਵਾਮੀ ਇਤਿਹਾਦ ਪਾਰਟੀ (ਏਆਈਪੀ) ਬਾਰੇ ਵੀ ਕਈ ਸੁਆਲ ਉੱਠ ਰਹੇ ਹਨ ਪਰ ਵੰਡੇ ਹੋਏ ਚੁਣਾਵੀ ਮੈਦਾਨ ਵਿੱਚ ਇਸ ਨੂੰ ਫ਼ਾਇਦਾ ਹੋ ਸਕਦਾ ਹੈ। ਸਾਬਕਾ ਮੁੱਖ ਮੰਤਰੀ ਅਤੇ ਪੀਡੀਪੀ ਦੀ ਆਗੂ ਮਹਿਬੂਬਾ ਮੁਫ਼ਤੀ ਨੇ ਰਾਸ਼ਿਦ ਦੀ ਪਾਰਟੀ ਨੂੰ ਭਾਜਪਾ ਦਾ ਮੋਹਰਾ (ਪ੍ਰੌਕਸੀ) ਕਰਾਰ ਦਿੱਤਾ ਹੈ ਜਿਸ ਕਰ ਕੇ ਇਹ ਕਿਆਸ ਲਾਏ ਜਾ ਰਹੇ ਹਨ ਕਿ ਸੱਤਾਧਾਰੀ ਪਾਰਟੀ ਨੂੰ ਫ਼ਾਇਦਾ ਪਹੁੰਚਾਉਣ ਲਈ ਹੀ ਰਾਸ਼ਿਦ ਨੂੰ ਜਾਣਬੁੱਝ ਕੇ ਇਸ ਸਮੇਂ ਰਿਹਾਅ ਕਰਵਾਇਆ ਗਿਆ ਹੈ। ਗੁਲਾਮ ਨਬੀ ਆਜ਼ਾਦ ਜਿਹੇ ਭਾਜਪਾ ਪ੍ਰਤੀ ਨਰਮਗੋਸ਼ਾ ਰੱਖਣ ਵਾਲੇ ਆਗੂਆਂ ਨੇ ਰਾਸ਼ਿਦ ਦੀ ਰਿਹਾਈ ਦਾ ਸਵਾਗਤ ਕੀਤਾ ਹੈ ਜਦੋਂਕਿ ਉਮਰ ਅਬਦੁੱਲਾ ਨੇ ਲੋਕਾਂ ਨੂੰ ਵੋਟਾਂ ਵੰਡਣ ਤੋਂ ਖ਼ਬਰਦਾਰ ਕਰਦਿਆਂ ਕਿਹਾ ਕਿ ਰਾਸ਼ਿਦ ਦੀ ਹਮਾਇਤ ਦਾ ਮਤਲਬ ਅਸਿੱਧੇ ਢੰਗ ਨਾਲ ਖ਼ ?ਤੇ ਬਾਰੇ ਭਾਜਪਾ ਦੀਆਂ ਖਾਹਿਸ਼ਾਂ ਦਾ ਸਮਰਥਨ ਕਰਨ ਦੇ ਸਮਾਨ ਹੋਵੇਗਾ।

ਰਾਸ਼ਿਦ ਵੱਲੋਂ ਕਿਉਂਕਿ ਹੁਣ ਚੋਣ ਪ੍ਰਚਾਰ ਦੀ ਤਿਆਰੀ ਕੀਤੀ ਜਾ ਰਹੀ ਹੈ ਇਸਲਈ ਉਸ ਦੀ ਸਿਆਸੀ ਵਾਪਸੀ ਨੂੰ ਨੇੜਿਓਂ ਤੱਕਿਆ ਜਾਵੇਗਾ। ਰਾਸ਼ਿਦ ਨੂੰ ਚੋਣ ਮੈਦਾਨ 'ਚ ਮੁੜ ਉਤਰਨ ਦੀ ਇਜਾਜ਼ਤ ਦੇਣ ਦਾ ਫ਼ੈਸਲਾ ਜਾਂ ਤਾਂ ਸਾਬਕਾ ਵੱਖਵਾਦੀਆਂ ਦਾ ਜੰਮੂ ਕਸ਼ਮੀਰ ਦੇ ਸਿਆਸੀ ਢਾਂਚੇ 'ਚ ਰਲੇਵਾਂ ਕਰ ਦੇਵੇਗਾ ਜਾਂ ਪਹਿਲੀ ਵੰਡ ਨੂੰ ਹੋਰ ਗਹਿਰਾ ਕਰ ਦੇਵੇਗਾ।




Published, Printed and Owned by Anil Kumar Garg, Published at Street No-11, Manshahia Colony, Near Grewal Filling Station, Sangrur, Punjab State, Pin-148001, Printed at- Tejas Printers, Opposite Government High School, Patiala Cant., Dhamomajra Road, Patiala, Punjab State, Pin-147001. Editor-Anil Kumar Garg

# ਤਲਖ਼ ਹਕੀਕਤਾਂ ਨੂੰ ਬੇਪਰਦ ਕਰਦੀ ਹੈ ਆਈਸੀ 814

**ਜਯੋਤੀ ਮਲਹੋਤਰਾ**

ਸੱਚੀ ਕਹਾਣੀ ਵਾਂਗ ਨਜ਼ਰ ਆਉਂਦੀ ਵੈੱਬ ਸੀਰੀਜ਼ 'ਆਈਸੀ 814: ਕੰਧਾਰ ਹਾਈਜੈਕ' ਦੀ ਸਮੱਸਿਆ ਇਹ ਹੈ ਕਿ ਇਹ ਬਹੁਤ ਸਾਰੀਆਂ ਯਾਦਾਂ ਤਾਜ਼ਾ ਕਰਾਉਂਦੀ ਹੈ। ਇਸ ਦੀ ਸਮੱਸਿਆ ਇਹ ਹੈ ਕਿ ਇਸ ਨਾਲ ਭਾਰਤ ਇਕ ਕਮਜ਼ੋਰ, ਹੀਣਾ ਤੇ ਲਾਚਾਰ ਦੇਸ਼ ਨਜ਼ਰ ਆਉਂਦਾ ਹੈ। ਸਮੱਸਿਆ ਇਹ ਹੈ ਕਿ ਨਰਿੰਦਰ ਮੋਦੀ ਸਰਕਾਰ 1999 ਦੀ ਕ੍ਰਿਸਮਸ ਪੂਰਬਲੀ ਸ਼ਾਮ ਤੋਂ ਲੈ ਕੇ ਅਗਲਾ ਨਵਾਂ ਸਾਲ ਚੜ੍ਹਨ ਤੋਂ ਪਹਿਲਾਂ ਦੇ ਸਿਆਹ ਦਿਨ ਤੇ ਰਾਤਾਂ, ਜਦੋਂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ 300 ਤੋਂ ਵੱਧ ਹਵਾਈ ਮੁਸਾਫ਼ਰਾਂ ਦੀ ਵਾਪਸੀ ਬਦਲੇ ਤਿੰਨ ਦਹਿਸ਼ਤਗਰਦਾਂ ਨੂੰ ਰਿਹਾਅ ਕੀਤਾ ਸੀ, ਦੀਆਂ ਯਾਦਾਂ ਨੂੰ ਦਫ਼ਨ ਕਰਨਾ ਚਾਹੁੰਦੀ ਹੈ ਅਤੇ ਉਨ੍ਹਾਂ ਦੀ ਥਾਂ ਇਕ ਧੁੰਦਲੀ ਗਰਮਾਹਟ ਅਤੇ ਸੁਖਦ ਅਹਿਸਾਸ ਦਿਵਾਉਣਾ ਚਾਹੁੰਦੀ ਹੈ ਜੋ ਤੁਹਾਨੂੰ ਕਿਸੇ ਮਜ਼ਬੂਤ ਦੇਸ਼ ਦੇ ਮਜ਼ਬੂਤ ਆਗੂ ਦੇ ਨਾਲ ਮਹਿਸੂਸ ਹੁੰਦਾ ਹੈ।

ਸਮੱਸਿਆ ਇਹ ਹੈ ਕਿ ਇਤਿਹਾਸ ਬੇਰਹਿਮ ਹੁੰਦਾ ਹੈ। ਇਹ ਜੋ ਸੀ, ਬਸ ਉਹ ਸੀ। ਉਸ ਵੇਲੇ ਦਾ ਕੁਝ ਸੰਖੇਪ ਸਾਰ ਇਸ ਪ੍ਰਕਾਰ ਸੀ। ਹਵਾਈ ਜਹਾਜ਼ ਦੇ ਬੰਧਕ ਬਣਾਏ ਮੁਸਾਫ਼ਰਾਂ ਦੇ ਪਰਿਵਾਰਾਂ ਨੇ ਜਦੋਂ ਇਹ ਧਮਕੀ ਦਿੱਤੀ ਕਿ ਜੇ ਸਰਕਾਰ ਨੇ ਕੋਈ ਸੌਦੇਬਾਜ਼ੀ ਕਰ ਕੇ ਉਨ੍ਹਾਂ ਦੀ ਰਿਹਾਈ ਨਾ ਕਰਵਾਈ ਤਾਂ ਉਹ ਕੁਝ ਵੀ ਕਰ ਸਕਦੇ ਹਨ ਤਾਂ ਵਾਜਪਾਈ ਸਰਕਾਰ ਦੇ ਹੋਸ਼ ਉਡ ਗਏ। ਬਰਤਾਨੀਆ ਦੇ ਪੜ੍ਹੇ ਅਤੇ ਉਨ੍ਹਾਂ ਦੀ ਤਰ੍ਹਾਂ ਹੀ ਅੰਗਰੇਜ਼ੀ ਬੋਲਣ ਵਾਲੇ ਦਹਿਸ਼ਤਗਰਦ ਉਮਰ ਸ਼ੇਖ ਨੂੰ ਜਦੋਂ ਇਕ ਭਾਰਤੀ ਇੰਟੈਲੀਜੈਂਸ ਅਫ਼ਸਰ ਆਨੰਦ ਅਰਨੀ ਨੇ ਕੰਧਾਰ ਪਹੁੰਚ ਕੇ ਪੁੱਛਿਆ ਕਿ ਰਿਹਾਅ ਹੋ ਕੇ ਉਹ ਕੀ ਕਰੇਗਾ ਤਾਂ ਉਸ ਨੇ ਜਵਾਬ ਵਿਚ ਕਈ ਅਪਸ਼ਬਦਾਂ ਦਾ ਪ੍ਰਯੋਗ ਕੀਤਾ। ਪਾਕਿਸਤਾਨ ਦੀ ਆਈਐੱਸਆਈ ਜਿਸ ਦੇ ਨਿਰਦੇਸ਼ਾਂ 'ਤੇ ਸਭ ਹੋ ਰਿਹਾ ਸੀ, ਨੇ ਚਲਦੀ ਵਾਰਤਾ ਦੌਰਾਨ ਹੀ ਪੈਂਤੜੇ ਬਦਲ ਲਏ ਸਨ -29 ਦਸੰਬਰ ਤੱਕ ਸਿਰਫ਼ ਮਸੂਦ ਅਜ਼ਹਰ ਨੂੰ ਰਿਹਾਅ ਕਰਨ ਦਾ ਸਮਝੌਤਾ ਸੀ ਪਰ 30 ਦਸੰਬਰ ਦੀ ਸਵੇਰ ਆਉਂਦੇ-ਆਉਂਦੇ ਅਗਵਾਕਾਰਾਂ ਨੇ ਤਿੰਨ ਦਹਿਸ਼ਤਗਰਦਾਂ ਦੀ ਰਿਹਾਈ ਮੰਗਣੀ ਸ਼ੁਰੂ ਕਰ ਦਿੱਤੀ। ਖ਼ੈਰ, ਜੋ ਸੀ ਉਹ ਸੀ।

ਸਮੱਸਿਆ ਇਹ ਹੈ ਕਿ ਕਦੇ-ਕਦਾਈਂ ਲੋਕ ਅਤੀਤ ਨੂੰ ਵਰਤਮਾਨ ਦੇ ਪ੍ਰਸੰਗ ਵਿਚ ਦੇਖਣ ਲੱਗ ਪੈਂਦੇ ਹਨ। ਉਹ ਇਸ ਤੱਥ ਤੋਂ ਪ੍ਰੇਸ਼ਾਨ ਹੋ ਜਾਂਦੇ ਹਨ ਕਿ ਉਸ ਵੇਲੇ ਦੇ ਵਿਦੇਸ਼ ਮਾਮਲਿਆਂ ਦੇ ਮੰਤਰੀ ਜਸਵੰਤ ਸਿੰਘ ਉਸੇ ਹਵਾਈ ਜਹਾਜ਼ ਵਿਚ ਬੈਠ ਕੇ ਕੰਧਾਰ ਗਏ ਸਨ ਜਿਸ ਵਿਚ ਤਿੰਨੋਂ ਦਹਿਸ਼ਤਗਰਦ ਬੈਠੇ ਉੱਚੀ-ਉੱਚੀ ਉਨ੍ਹਾਂ ਨੂੰ ਕੁਬੋਲ ਬੋਲ ਰਹੇ ਸਨ। ਬਹੁਤ ਸਾਰੇ ਲੋਕਾਂ ਦਾ ਖਿਆਲ ਹੈ ਕਿ ਉਨ੍ਹਾਂ ਨੂੰ ਉੱਥੇ ਜਾਣਾ ਨਹੀਂ ਚਾਹੀਦਾ ਸੀ, ਉੱਥੇ ਜਾ ਕੇ ਉਨ੍ਹਾਂ ਆਪਣੀ ਪੁਜ਼ੀਸ਼ਨ ਖਰਾਬ ਕਿਉਂ ਕੀਤੀ ਸੀ?



ਪਰ 'ਦਿ ਟ੍ਰਿਬਿਊਨ' ਦੇ ਪੁਰਾਣੇ ਲੇਖਾਂ ਨੂੰ ਪੜਤਾਲਣ ਤੋਂ ਪਤਾ ਲੱਗਦਾ ਹੈ ਕਿ 1999 ਵਿਚ ਭਾਰਤ ਦਾ ਦਰਜਾ ਕੀ ਸੀ? ਪ੍ਰਮਾਣੂ ਤਜਰਬਿਆਂ ਨੂੰ ਸਾਲ ਕੁ ਹੋਇਆ ਸੀ ਅਤੇ ਭਾਰਤ ਨੂੰ ਹਾਲੇ ਕੌਮਾਂਤਰੀ ਪੱਧਰ 'ਤੇ ਵੀ ਨੀਵੀਂ ਨਜ਼ਰ ਨਾਲ ਦੇਖਿਆ ਜਾਂਦਾ ਸੀ। ਕਲਿੰਟਨ ਦਾ ਦੌਰਾ ਵੀ ਅਗਲੀਆਂ ਗਰਮੀਆਂ ਵਿਚ ਹੋਣ ਵਾਲਾ ਸੀ। ਕੁਝ ਮਹੀਨੇ ਪਹਿਲਾਂ ਹੀ ਪਾਕਿਸਤਾਨ ਨਾਲ ਕਾਰਗਿਲ ਟਕਰਾਅ ਖਤਮ ਹੋ ਕੇ ਹਟਿਆ ਸੀ। ਉਸ ਹਫ਼ਤੇ ਜਦੋਂ ਕਾਠਮੰਡੂ ਤੋਂ ਦਿੱਲੀ ਆਉਣ ਵਾਲੇ ਭਾਰਤੀ ਹਵਾਈ ਜਹਾਜ਼ ਨੂੰ ਅਗਵਾ ਕਰ ਕੇ ਵਾਇਆ ਅੰਮ੍ਰਿਤਸਰ, ਕੰਧਾਰ ਲਿਜਾਇਆ ਗਿਆ ਤਾਂ ਵਿਦੇਸ਼ ਮਾਮਲਿਆਂ ਦੇ ਮੰਤਰੀ ਜਸਵੰਤ ਸਿੰਘ ਨੇ ਮਦਦ ਲਈ ਅਮਰੀਕਾ, ਬਰਤਾਨੀਆ ਅਤੇ ਕਈ ਹੋਰਨੀਂ ਥਾਈਂ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਹ ਨਵੇਂ ਸਾਲ ਦੀ ਪੂਰਬ ਸੰਧਿਆ ਵੀ ਸੀ। ਜਦੋਂ ਤੁਸੀਂ ਜਸ਼ਨ ਮਨਾ ਰਹੇ ਹੋਵੋ ਤਾਂ ਤੀਜੀ ਦੁਨੀਆ ਦੇ ਕਿਸੇ ਦੇਸ਼ ਦਾ ਪ੍ਰੇਸ਼ਾਨਹਾਲ ਸ਼ਖ਼ਸ ਤੁਹਾਨੂੰ ਫੋਨ ਕਰੇ ਤਾਂ ਤੁਸੀਂ ਸੋਚਦੇ ਹੋਵੋਗੇ ਕਿ ਉਹ ਆਪਣੀਆਂ ਸਮੱਸਿਆਵਾਂ ਦਾ ਆਪ ਖਿਆਲ ਕਿਉਂ ਨਹੀਂ ਰੱਖ ਸਕਦਾ?

ਅਸਲ 'ਚ ਇਹੀ ਕਮਜ਼ੋਰੀ ਹੈ। ਜਦ ਤੁਹਾਡੇ ਬਹੁਤ ਲੋੜਵੰਦ ਹੋਣ ਦੇ ਬਾਵਜੂਦ ਵੀ ਕੋਈ ਤੁਹਾਡੀ ਪੁਕਾਰ ਨਾ ਸੁਣੇ। ਉਸ ਵੇਲੇ ਦੇ 'ਰਾਅ' ਮੁਖੀ ਏਐੱਸ ਦੁੱਲਤ ਮੁਤਾਬਕ, ਜਸਵੰਤ ਸਿੰਘ ਉਸ ਹਫ਼ਤੇ ਦਿੱਲੀ 'ਚ 'ਬੇਵਸ ਜਿਹੇ ਹੋਏ ਪਏ ਸਨ।' ਉਨ੍ਹਾਂ ਨੂੰ ਅਹਿਸਾਸ ਸੀ ਕਿ ਜੇ ਇਕ ਸੀਨੀਅਰ ਸ਼ਖ਼ਸੀਅਤ ਤਬਾਦਲੇ ਲਈ ਨਿੱਜੀ ਤੌਰ 'ਤੇ ਨਾ ਗਈ ਤਾਂ ਆਖਰੀ ਮੌਕੇ ਕੁਝ ਵੀ ਹੋ ਸਕਦਾ ਹੈ ਜਿਸ ਨਾਲ ਮੁਸਾਫ਼ਰਾਂ ਦੀ ਜਾਨ ਖ਼ਤਰੇ ਵਿਚ ਪੈ ਸਕਦੀ ਹੈ।

ਸੱਚ ਇਹ ਹੈ ਕਿ ਭਾਰਤੀ ਵਿਚੋਲੀਏ ਕੰਧਾਰ ਵਿਚ ਕਮਜ਼ੋਰ ਨਜ਼ਰ ਆ ਰਹੇ ਸਨ ਤੇ ਅਜਿਹਾ ਹੀ ਮਹਿਸੂਸ ਵੀ ਕਰ ਰਹੇ ਸਨ ਕਿਉਂਕਿ ਉਨ੍ਹਾਂ ਦੀ ਪਕੜ 'ਚ ਕੁਝ ਨਹੀਂ ਸੀ। ਜਹਾਜ਼ ਦੁਸ਼ਮਣ ਦੀ ਜ਼ਮੀਨ 'ਤੇ ਖੜ੍ਹਾ ਸੀ। ਆਈਐੱਸਆਈ ਕਠਪੁਤਲੀ ਵਾਂਗ ਸਾਰਿਆਂ ਨੂੰ ਨਚਾ ਰਹੀ ਸੀ। ਸਾਰੇ ਪੱਤੇ ਉਸ ਦੇ ਕੋਲ ਸਨ।

ਨੈੱਟਫਲਿਕਸ ਦੀ ਸੀਰੀਜ਼ ਨੇ, ਇਸ ਨੂੰ ਦੇਖਣ ਵਾਲੇ ਸਾਰੇ ਭਾਰਤੀਆਂ ਦਾ ਸਾਹਮਣਾ ਇਸ ਤਲਖ਼ ਹਕੀਕਤ ਨਾਲ ਕਰਵਾਇਆ ਹੈ। ਕਿ ਅਸੀਂ ਓਦਾਂ ਦਾ ਦੇਸ਼ ਨਹੀਂ ਹਾਂ ਜਿੱਦਾਂ ਦਾ ਸਾਨੂੰ ਲੱਗਦਾ ਹੈ ਕਿ ਅਸੀਂ ਹਾਂ। ਕਿ ਅਸੀਂ ਕਮਜ਼ੋਰ ਸੀ, ਤੇ ਹੋ ਸਕਦਾ ਹੈ, ਸ਼ਾਇਦ, ਅਜੇ ਵੀ ਹਾਂ। ਵੈੱਬ ਸੀਰੀਜ਼ ਨੇ ਸਾਡੇ ਸਾਰਿਆਂ 'ਤੇ ਇਕ ਅਸਰ ਛੱਡਿਆ ਹੈ ਕਿਉਂਕਿ ਜਦ ਸੌਣ ਦਾ ਵਕਤ ਹੁੰਦਾ ਹੈ ਤੇ ਅਸੀਂ ਸਿਰਫ਼ ਆਪਣੇ ਆਪ ਦੇ ਰੂਬਰੂ ਹੁੰਦੇ ਹਾਂ, ਅਸੀਂ ਜਾਣਦੇ ਹੁੰਦੇ ਹਾਂ ਕਿ ਕੀ ਹਕੀਕਤ ਹੈ ਤੇ ਕੀ ਨਹੀਂ। ਅਸੀਂ ਜਾਣਦੇ ਹਾਂ ਕਿ ਓਨੇ ਮਜ਼ਬੂਤ ਅਸੀਂ ਨਹੀਂ ਹਾਂ ਜਿੰਨਾ ਆਪਣੇ ਆਪ ਨੂੰ ਸਮਝਦੇ ਹਾਂ।

ਕਈ ਕਹਿਣਗੇ ਕਿ 25 ਸਾਲ ਬਹੁਤ ਲੰਮਾ ਵਕਫ਼ਾ ਹੁੰਦਾ ਹੈ ਤੇ ਭਾਰਤ ਅੱਗੇ ਵਧ ਚੁੱਕਾ ਹੈ। ਉਹ ਪ੍ਰਧਾਨ ਮੰਤਰੀ ਮੋਦੀ ਵੱਲੋਂ ਪਾਕਿਸਤਾਨ ਨਾਲ ਵਾਰਤਾ ਦੇ ਪੱਖ ਤੋਂ ਅਪਣਾਏ ਸਖ਼ਤ ਰੁਖ਼ ਦਾ ਹਵਾਲਾ ਦੇਣਗੇ। ਕਈ ਹੋਰ 2016 ਵਿਚ ਕੀਤੀ 'ਸਰਜੀਕਲ ਸਟ ?ਰਾਈਕ' ਵੱਲ ਇਸ਼ਾਰਾ ਕਰਨਗੇ, ਜੋ ਪਹਿਲਾਂ ਕਦੇ ਨਹੀਂ ਹੋਈ, ਜਦ ਭਾਰਤੀ ਹਥਿਆਰਬੰਦ ਬਲਾਂ ਨੇ ਐਲਓਸੀ ਪਾਰ ਕਰ ਕੇ ਉਨ੍ਹਾਂ ਅਤਿਵਾਦੀਆਂ ਖ਼ ?ਲਾਫ਼ ਸਫ਼ਲ ਅਪਰੇਸ਼ਨ ਚਲਾਇਆ ਜਿਨ੍ਹਾਂ ਨੂੰ ਪਾਕਿਸਤਾਨੀ ਫੌਜ ਦਾ ਥਾਪੜਾ ਪ੍ਰਾਪਤ ਸੀ।

ਤੇ ਫੇਰ ਵੀ, ਸਾਨੂੰ ਪਤਾ ਹੈ ਕਿ ਅੰਦਰ ਤੇ ਬਾਹਰ ਦੋਵੇਂ ਪਾਸੇ ਕਮਜ਼ੋਰੀ ਹੈ। ਪਹਿਲਾਂ ਲੱਦਾਖ ਵਿਚ, ਜਿੱਥੇ ਚੀਨੀ ਫੌਜ ਤੁਹਾਡੇ ਸੈਨਿਕਾਂ ਨੂੰ ਖੇਤਰ ਦੇ ਉਸ ਵੱਡੇ ਹਿੱਸੇ 'ਚ ਗਸ਼ਤ ਨਹੀਂ ਕਰਨ ਦੇ ਰਹੀ ਜਿੱਥੇ 2020 ਤੱਕ ਉਹ ਗਸ਼ਤ ਕਰ ਸਕਦੇ ਹਨ, ਹਾਲਾਂਕਿ ਇਸੇ ਹਫ਼ਤੇ ਪ੍ਰਧਾਨ ਮੰਤਰੀ ਮੋਦੀ ਨੇ ਸਿੰਗਾਪੁਰ ਵਿਚ ਚੀਨੀਆਂ 'ਤੇ ਕਟਾਖ਼ਸ਼ ਵੀ ਕੀਤਾ ਹੈ। ਜੰਮੂ ਖੇਤਰ ਵਿਚ, ਜਿੱਥੇ ਅਤਿਵਾਦੀਆਂ ਵੱਲੋਂ ਕੀਤੇ ਹਮਲਿਆਂ 'ਚ ਹਥਿਆਰਬੰਦ ਬਲਾਂ ਦੇ 18 ਸੁਰੱਖਿਆ ਕਰਮੀ ਮਾਰੇ ਜਾ ਚੁੱਕੇ ਹਨ। ਸਿੰਧੂਦੁਰਗ ਵਿਚ, ਜਿੱਥੇ ਸ਼ਿਵਾਜੀ ਦੀ ਮੂਰਤੀ ਉਦਘਾਟਨ ਦੇ ਕੁਝ ਮਹੀਨਿਆਂ ਦੇ ਅੰਦਰ ਹੀ ਡਿੱਗ ਗਈ ਕਿਉਂਕਿ ਮਾੜੇ ਮਿਆਰ ਦਾ ਸਾਮਾਨ ਵਰਤਿਆ ਗਿਆ ਸੀ। ਪੰਜਾਬ ਵਿਚ, ਜਿੱਥੇ ਨਸ਼ੇ ਦੀ ਸਮੱਸਿਆ ਤੁਹਾਡੀ ਕਲਪਨਾ ਤੋਂ ਕਿਤੇ ਜ਼ਿਆਦਾ ਹੈ। ਮਨੀਪੁਰ ਵਿਚ, ਜਿੱਥੇ ਮੈਤੇਈ ਕੱਟੜਪੰਥੀ ਆਪਣੇ ਹੀ ਰਾਜ ਦੇ ਲੋਕਾਂ ਵਿਰੁੱਧ ਡਰੋਨ ਵਰਤ ਰਹੇ ਹਨ।

ਇਸ ਤੋਂ ਬਿਹਤਰ ਇਹ ਸਵੀਕਾਰ ਕਰਨਾ ਹੈ ਤੁਸੀਂ ਚੀਨੀਆਂ ਅੱਗੇ ਨਹੀਂ ਖੜ੍ਹ ਸਕਦੇ। ਘੱਟੋ-ਘੱਟ ਇਹ ਮੰਨਣ ਵਿਚ ਇਮਾਨਦਾਰੀ ਤਾਂ ਹੈ। ਕਿਸੇ ਵੀ ਤਰ੍ਹਾਂ, ਉਹ ਤੁਹਾਡੇ ਨਾਲੋਂ ਪੰਜ ਗੁਣਾ ਵੱਡੇ ਹਨ। ਮੁੱਦੇ ਨੂੰ ਸਾਹਮਣਿਓਂ ਟੱਕਰਨਾ ਤੇ ਖ਼ੁਦ ਨੂੰ ਸਵਾਲ ਕਰਨਾ ਜ਼ਿਆਦਾ ਚੰਗਾ ਹੈ।

ਚੀਨ ਦਾ ਅਰਥਚਾਰਾ ਭਾਰਤ ਨਾਲੋਂ ਪੰਜ ਗੁਣਾ ਵੱਡਾ ਕਿਉਂ ਹੈ, ਜਦਕਿ ਪੇਈਚਿੰਗ ਵਿਚ ਮਾਓ ਦਾ 'ਲੌਂਗ ਮਾਰਚ' ਉਨ੍ਹਾਂ ਵੇਲਿਆਂ 'ਚ ਹੀ ਖ਼ਤਮ ਹੋਇਆ ਸੀ (1949 ਵਿਚ), ਜਦ ਭਾਰਤ ਆਜ਼ਾਦ ਹੋਇਆ ਸੀ? ਇਸ ਦੇ ਉੱਤਰ 'ਚ ਖ਼ੁਦ ਨੂੰ ਸ਼ਾਬਾਸ਼ੀ ਦੇ ਕੇ ਖ਼ੁਸ਼ੀ ਮਨਾਉਂਦਿਆਂ ਹੋਇਆਂ ਹਮੇਸ਼ਾ ਇਹੀ ਨਹੀਂ ਕਿਹਾ ਜਾ ਸਕਦਾ ਕਿ ਚੀਨ ਤਾਨਾਸ਼ਾਹੀ ਹੈ ਤੇ ਭਾਰਤ ਇਕ ਲੋਕਤੰਤਰ।

ਇਸ ਤੋਂ ਵੀ ਮਾੜਾ ਕੁਝ ਹੈ। ਸ਼ਿਵਾਜੀ ਦੀ ਮੂਰਤੀ ਦੇ ਠੇਕੇਦਾਰ ਨੂੰ ਆਖਰਕਾਰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਪਰ ਇਹ ਸਾਨੂੰ ਮੋਦੀ ਦਾ ਇਕ ਪੁਰਾਣਾ ਨਾਅਰਾ ਚੇਤਾ ਕਰਾਉਂਦਾ ਹੈ, 'ਨਾ ਖਾਊਂਗਾ, ਨਾ ਖਾਨੇ ਦੂੰਗਾ'। ਸਪੱਸ਼ਟ ਜਿਹੀ ਗੱਲ ਹੈ ਕਿ ਦੇਸ਼ 'ਚ ਹੋ ਰਹੀ ਹਰ ਮਾੜੀ ਚੀਜ਼ ਲਈ ਪ੍ਰਧਾਨ ਮੰਤਰੀ ਤਾਂ ਜ਼ਿੰਮੇਵਾਰ ਨਹੀਂ ਹੋ ਸਕਦੇ, ਉਦੋਂ ਵੀ ਜਦ ਉਨ੍ਹਾਂ ਦੀ ਪਾਰਟੀ ਹਾਦਸੇ ਵਾਲੀ ਥਾਂ, ਮਹਾਰਾਸ਼ਟਰ ਵਿਚ ਗੱਠਜੋੜ 'ਚ ਸਰਕਾਰ ਚਲਾ ਰਹੀ ਹੈ।

ਸ਼ਾਇਦ, ਸਾਰੇ ਪਾਸੇ, ਇਹ ਸਵੀਕਾਰ ਕਰ ਲੈਣਾ ਬਹੁਤ ਬਿਹਤਰ ਹੋਵੇਗਾ ਕਿ ਤੁਸੀਂ ਜਿੰਨਾ ਤਾਕਤਵਰ ਬਣ ਕੇ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ, ਓਨੇ ਤੁਸੀਂ ਹੋ ਨਹੀਂ। ਨਾ ਲੱਦਾਖ ਵਿਚ, ਨਾ ਸਿੰਧੂਦੁਰਗ ਵਿਚ, ਨਾ ਕੰਧਾਰ 'ਚ।

*ਲੇਖਕਾ 'ਦਿ ਟ੍ਰਿਬਿਊਨ' ਦੀ ਮੁੱਖ ਸੰਪਾਦਕ ਹਨ।

# ਆਤਮ ਹੱਤਿਆ ਕਿਸੇ ਮਸਲੇ ਦਾ ਹੱਲ ਨਹੀਂ

**ਐਡਵੋਕੇਟ ਕੁਲਦੀਪ ਚੰਦ ਦੋਭੇਟਾ**

ਆਤਮ ਹੱਤਿਆ ਇੱਕ ਵੱਡੀ ਸਮੱਸਿਆ ਹੈ ਜਿਸ ਦੇ ਕਈ ਸਮਾਜਿਕ, ਭਾਵਨਾਤਮਕ ਅਤੇ ਆਰਥਿਕ ਨਤੀਜੇ ਹਨ। ਇੰਟਰਨੈਸ਼ਨਲ ਐਸੋਸੀਏਸ਼ਨ ਫਾਰ ਸੁਸਾਈਡ ਪ੍ਰੀਵੈਨਸ਼ਨ (ਆਈਏਐੱਸਪੀ), ਵਿਸ਼ਵ ਸਿਹਤ ਸੰਗਠਨ ਅਤੇ ਵਰਲਡ ਫੈਡਰੇਸ਼ਨ ਫਾਰ ਮੈਂਟਲ ਹੈਲਥ ਵੱਲੋਂ ਹਰ ਸਾਲ 10 ਸਤੰਬਰ ਨੂੰ ਵਿਸ਼ਵ ਆਤਮ ਹੱਤਿਆ ਰੋਕਥਾਮ ਦਿਵਸ ਮਨਾਇਆ ਜਾਂਦਾ ਹੈ। ਵਿਸ਼ਵ ਵਿੱਚ ਆਤਮ ਹੱਤਿਆਵਾਂ ਦੇ ਵਧ ਰਹੇ ਮਾਮਲਿਆਂ ਨੂੰ ਦੇਖਦੇ ਹੋਏ ਸਾਲ 2003 ਵਿੱਚ ਇਸ ਦਿਨ ਦੀ ਸ਼ੁਰੂਆਤ ਕੀਤੀ ਗਈ ਸੀ। ਪਹਿਲੀ ਵਿਸ਼ਵ ਆਤਮ ਹੱਤਿਆ ਰਿਪੋਰਟ 2014 ਵਿੱਚ ਜਾਰੀ ਕੀਤੀ ਗਈ ਸੀ ਜੋ ਕਿ ਆਤਮ ਹੱਤਿਆਵਾਂ ਦੀ ਰੋਕਥਾਮ 'ਤੇ ਕੇਂਦਰਿਤ ਸੀ ਅਤੇ ਵਿਸ਼ਵ ਜਨਤਕ ਸਿਹਤ ਏਜੰਡੇ ਸਬੰਧੀ ਤਰਜੀਹ ਬਣਾਉਣ ਲਈ ਕਿਹਾ ਗਿਆ ਸੀ। ਆਤਮ ਹੱਤਿਆ ਇੱਕ ਪ੍ਰਮੁੱਖ ਜਨਤਕ ਸਿਹਤ ਚੁਣੌਤੀ ਹੈ। ਹਰੇਕ ਖ਼ੁਦਕੁਸ਼ੀ ਦੇ ਦੂਰਗਾਮੀ ਸਮਾਜਿਕ, ਭਾਵਨਾਤਮਕ ਅਤੇ ਆਰਥਿਕ ਨਤੀਜੇ ਹੁੰਦੇ ਹਨ ਜੋ ਦੁਨੀਆ ਭਰ ਦੇ ਵਿਅਕਤੀਆਂ ਅਤੇ ਭਾਈਚਾਰਿਆਂ ਨੂੰ ਡੂੰਘਾ ਪ੍ਰਭਾਵਿਤ ਕਰਦੇ ਹਨ। ਸਾਲ 2024-2026 ਲਈ ਵਿਸ਼ਵ ਆਤਮ ਹੱਤਿਆ ਰੋਕਥਾਮ ਦਿਵਸ ਦਾ ਥੀਮ 'ਆਤਮਹੱਤਿਆ ਤੇ ਬਿਰਤਾਂਤ ਨੂੰ ਬਦਲਣਾ' ਹੈ ਅਤੇ 'ਗੱਲਬਾਤ ਸ਼ੁਰੂ ਕਰੋ' ਕਿਹਾ ਗਿਆ ਹੈ। ਇਸ ਦਾ ਉਦੇਸ਼ ਕਲੰਕ ਨੂੰ ਘਟਾਉਣ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਖ਼ੁਦਕੁਸ਼ੀਆਂ ਨੂੰ ਰੋਕਣ ਲਈ ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਨਾ ਹੈ। ਖ਼ੁਦਕੁਸ਼ੀ ਬਾਰੇ ਬਿਰਤਾਂਤ ਨੂੰ ਬਦਲਣਾ ਹੈ ਕਿ ਅਸੀਂ ਇਸ ਗੁੰਝਲਦਾਰ ਮੁੱਦੇ ਨੂੰ ਕਿਵੇਂ ਸਮਝਦੇ ਹਾਂ ਅਤੇ ਚੁੱਪ ਤੇ ਕਲੰਕ ਦੇ ਸੱਭਿਆਚਾਰ ਤੋਂ ਖੁੱਲ੍ਹੇਪਣ, ਸਮਝ ਅਤੇ ਸਮਰਥਨ ਵਿੱਚ ਬਦਲਣਾ ਹੈ। ਇਹ ਥੀਮ ਖ਼ੁਦਕੁਸ਼ੀ ਦੀ ਰੋਕਥਾਮ ਅਤੇ ਮਾਨਸਿਕ ਸਿਹਤ ਨੂੰ ਤਰਜੀਹ ਦੇਣ ਦੀ ਲੋੜ 'ਤੇ ਜ਼ੋਰ ਦਿੰਦਾ ਹੈ ਅਤੇ ਸਰਕਾਰੀ ਕਾਰਵਾਈ ਦੀ ਮੰਗ ਕਰਦਾ ਹੈ। ਬਿਰਤਾਂਤ ਨੂੰ ਬਦਲਣ ਲਈ ਉਨ੍ਹਾਂ ਨੀਤੀਆਂ ਦੀ ਵਕਾਲਤ ਕਰਨ ਦੀ ਲੋੜ ਹੁੰਦੀ ਹੈ ਜੋ ਮਾਨਸਿਕ ਸਿਹਤ ਨੂੰ ਤਰਜੀਹ ਦਿੰਦੀਆਂ, ਦੇਖਭਾਲ ਤੱਕ ਪਹੁੰਚ ਨੂੰ ਵਧਾਉਂਦੀਆਂ ਅਤੇ ਲੋੜਵੰਦਾਂ ਲਈ ਸਹਾਇਤਾ ਪ੍ਰਦਾਨ ਕਰਦੀਆਂ ਹਨ।

ਹਰ ਸਾਲ 10 ਸਤੰਬਰ ਦਾ ਦਿਨ ਇਹ ਸੰਦੇਸ਼ ਦਿੰਦਾ ਹੈ ਕਿ ਖ਼ੁਦਕੁਸ਼ੀਆਂ ਨੂੰ ਰੋਕਿਆ ਜਾ ਸਕਦਾ ਹੈ। ਇਸ ਦਿਨ ਦਾ ਮੁੱਖ ਮੰਤਵ ਆਤਮ ਹੱਤਿਆ ਸਬੰਧੀ ਲੋਕਾਂ ਨੂੰ ਜਾਗਰੂਕ ਕਰਨਾ ਹੈ ਅਤੇ ਆਤਮ ਹੱਤਿਆਵਾਂ ਨੂੰ ਘਟਾਉਣ ਲਈ ਕੰਮ ਕਰਨਾ ਹੈ। ਆਤਮ ਹੱਤਿਆਵਾਂ ਦੀਆਂ ਘਟਨਾਵਾਂ ਸਬੰਧੀ ਸਹੀ ਅਤੇ ਮੁਕੰਮਲ ਅੰਕੜੇ ਅਜੇ ਤੱਕ ਸਾਹਮਣੇ ਨਹੀਂ ਆਏ। ਵਿਸ਼ਵ ਸਿਹਤ ਸੰਗਠਨ ਨਾਲ ਜੁੜੇ 183 ਵਿੱਚੋਂ ਸਿਰਫ਼ 80 ਦੇਸ਼ਾਂ ਨੇ ਹੀ ਇਸ ਸਬੰਧੀ ਸਹੀ ਅੰਕੜੇ ਇਕੱਠੇ ਕੀਤੇ ਹਨ ਅਤੇ ਬਹੁਤੇ ਦੇਸ਼ ਭਰੋਸੇਯੋਗ ਜਾਣਕਾਰੀ ਤੇ ਅੰਕੜੇ ਇਕੱਠੇ ਨਹੀਂ ਕਰ ਸਕੇ। ਇਸ ਸਬੰਧੀ ਪ੍ਰਾਪਤ ਅੰਕੜਿਆਂ ਅਨੁਸਾਰ ਆਤਮ ਹੱਤਿਆਵਾਂ ਕਰਨ ਦਾ ਰੁਝਾਨ ਵਧ ਰਿਹਾ ਹੈ ਅਤੇ ਸਾਲ ਵਿੱਚ ਲਗਭਗ 8 ਲੱਖ ਵਿਅਕਤੀ ਆਤਮ ਹੱਤਿਆਵਾਂ ਨਾਲ ਮਰਦੇ ਹਨ ਜਿਨ੍ਹਾਂ ਵਿੱਚੋਂ ਲਗਭਗ 17 ਫ਼ੀਸਦੀ ਸਿਰਫ਼ ਭਾਰਤੀ ਹਨ। ਵਿਸ਼ਵ ਵਿੱਚ ਹੋਣ ਵਾਲੀਆਂ ਕੁੱਲ ਮੌਤਾਂ ਵਿੱਚੋਂ 1.3 ਫ਼ੀਸਦੀ ਆਤਮ ਹੱਤਿਆਵਾਂ ਕਾਰਨ ਹੀ ਹੁੰਦੀਆਂ ਹਨ ਅਤੇ ਇਹ ਮੌਤ ਦਾ 17ਵਾਂ ਪ੍ਰਮੁੱਖ ਕਾਰਨ ਹੈ। ਵਿਸ਼ਵ ਸਿਹਤ ਸੰਗਠਨ ਵੱਲੋਂ ਜਾਰੀ ਇੱਕ ਰਿਪੋਰਟ ਅਨੁਸਾਰ ਦੁਨੀਆ ਵਿੱਚ ਔਸਤਨ ਇੱਕ ਲੱਖ ਪਿੱਛੇ 10.5 ਵਿਅਕਤੀਆਂ ਨੇ ਆਤਮ ਹੱਤਿਆ ਕੀਤੀ ਹੈ ਅਤੇ ਇਹ ਵੀ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਆਤਮ ਹੱਤਿਆ ਕਰਨ ਵਾਲਿਆਂ ਵਿੱਚ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ। ਵੱਖ-ਵੱਖ ਦੇਸ਼ਾਂ ਵਿੱਚ ਆਤਮ-ਹੱਤਿਆਵਾਂ ਦੀ ਦਰ 1 ਲੱਖ ਪਿੱਛੇ 5 ਤੋਂ 30 ਵਿਅਕਤੀਆਂ ਦੀ ਹੈ। ਆਤਮ ਹੱਤਿਆਵਾਂ ਦੀਆਂ ਲਗਭਗ 79 ਫ਼ੀਸਦੀ ਘਟਨਾਵਾਂ ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਦੇਸ਼ਾਂ ਵਿੱਚ ਵਾਪਰਦੀਆਂ ਹਨ। ਇਨ੍ਹਾਂ ਦੇਸ਼ਾਂ ਵਿੱਚ ਇਹ ਦਰ ਇੱਕ ਲੱਖ ਪਿੱਛੇ 11.5 ਤੱਕ ਪਹੁੰਚ ਰਹੀ ਹੈ। ਉੱਚ ਆਮਦਨ ਵਾਲੇ ਦੇਸ਼ਾਂ ਵਿੱਚ ਮਹਿਲਾਵਾਂ ਦੇ ਮੁਕਾਬਲੇ ਪੁਰਸ਼ ਲਗਭਗ ਤਿੰਨ ਗੁਣਾ ਵੱਧ ਆਤਮ ਹੱਤਿਆਵਾਂ ਕਰਦੇ ਹਨ ਜਦੋਂਕਿ ਘੱਟ ਅਤੇ ਦਰਮਿਆਨੀ ਆਮਦਨ ਵਾਲੇ ਦੇਸ਼ਾਂ ਵਿੱਚ ਆਤਮ ਹੱਤਿਆਵਾਂ ਕਰਨ ਵਾਲੇ ਪੁਰਸ਼ਾਂ ਅਤੇ ਮਹਿਲਾਵਾਂ ਦੀ ਗਿਣਤੀ ਲਗਭਗ ਬਰਾਬਰ ਹੀ ਰਹਿੰਦੀ ਹੈ।



ਪ੍ਰਾਪਤ ਜਾਣਕਾਰੀ ਅਨੁਸਾਰ ਨੌਜਵਾਨਾਂ ਵਿੱਚ ਆਤਮ ਹੱਤਿਆਵਾਂ ਦੇ ਪ੍ਰਮੁੱਖ ਕਾਰਨਾਂ ਵਿੱਚ ਪੜ੍ਹਾਈ ਦਾ ਦਬਾਅ, ਵਿਗੜ ਰਹੇ ਪਰਿਵਾਰਕ ਰਿਸ਼ਤੇ, ਲੜਾਈ ਝਗੜੇ, ਅਸਫਲ ਪਿਆਰ, ਵਿਆਹੁਤਾ ਜ਼ਿੰਦਗੀ ਵਿੱਚ ਗੜਬੜੀ, ਭਵਿੱਖ ਦੀ ਚਿੰਤਾ, ਬੇਰੁਜ਼ਗਾਰੀ, ਨਸ਼ੇ ਆਦਿ ਸ਼ਾਮਲ ਹਨ। ਸੜਕ ਦੁਰਘਟਨਾ ਵਿੱਚ ਲੱਗੀਆਂ ਗੰਭੀਰ ਸੱਟਾਂ ਵੀ 15 ਤੋਂ 29 ਸਾਲ ਦੇ ਨੌਜਵਾਨਾਂ ਵਿੱਚ ਆਤਮ ਹੱਤਿਆ ਦਾ ਮੁੱਖ ਕਾਰਨ ਹਨ। ਮਹਿਲਾਵਾਂ ਦੁਆਰਾ ਆਤਮ ਹੱਤਿਆ ਦੀ ਕੋਸ਼ਿਸ਼ ਜ਼ਿਆਦਾ ਕੀਤੀ ਜਾਂਦੀ ਹੈ। ਆਤਮ ਹੱਤਿਆ ਕਰਨ ਦੇ ਸਭ ਤੋਂ ਵੱਧ ਪ੍ਰਚੱਲਿਤ ਤਰੀਕਿਆਂ ਵਿੱਚ ਫਾਂਸੀ ਲਗਾਉਣਾ, ਜ਼ਹਿਰ ਖਾਣਾ, ਖ਼ੁਦ ਨੂੰ ਅੱਗ ਲਗਾਉਣਾ, ਪਾਣੀ ਵਿੱਚ ਡੁੱਬਣਾ, ਰੇਲ ਗੱਡੀ ਅੱਗੇ ਛਾਲ ਮਾਰਨਾ ਆਦਿ ਸ਼ਾਮਿਲ ਹਨ। ਅੰਤਰਰਾਸ਼ਟਰੀ ਸੰਗਠਨਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਆਤਮ ਹੱਤਿਆਵਾਂ ਨੂੰ ਰੋਕਣ ਸਬੰਧੀ ਠੋਸ ਰਣਨੀਤੀ ਤਿਆਰ ਕਰਨ ਲਈ ਅਜੇ ਤੱਕ ਦੁਨੀਆ ਦੇ ਸਿਰਫ਼ 38 ਦੇਸ਼ਾਂ ਨੇ ਹੀ ਕਾਰਵਾਈ ਕੀਤੀ ਹੈ। ਆਤਮ ਹੱਤਿਆ ਭਾਰਤ ਵਿੱਚ ਇੱਕ ਪ੍ਰਮੁੱਖ ਰਾਸ਼ਟਰੀ ਜਨਤਕ ਸਿਹਤ ਮੁੱਦਾ ਹੈ। ਭਾਰਤ ਵਿੱਚ ਆਤਮ ਹੱਤਿਆਵਾਂ ਨਾਲ ਹੋਣ ਵਾਲੀਆਂ ਮੌਤਾਂ ਵਿੱਚ 15 ਤੋਂ 35 ਸਾਲ ਉਮਰ ਦੇ ਨੌਜਵਾਨਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਦਿਹਾੜੀਦਾਰ ਖ਼ੁਦਕੁਸ਼ੀ ਪੀੜਤਾਂ ਵਿੱਚੋਂ 26 ਫ਼ੀਸਦੀ ਹਨ ਜੋ ਕਿ ਖ਼ੁਦਕੁਸ਼ੀਆਂ ਦੇ ਅੰਕੜਿਆਂ ਵਿੱਚ ਸਭ ਤੋਂ ਵੱਡਾ ਸਮੂਹ ਹੈ। ਭਾਰਤ ਵਿੱਚ 18-30 ਅਤੇ 30-45 ਸਾਲ ਦੇ ਉਮਰ ਸਮੂਹਾਂ ਵਿੱਚ ਕ੍ਰਮਵਾਰ 35.1 ਅਤੇ 31.8 ਫ਼ੀਸਦੀ ਖ਼ੁਦਕੁਸ਼ੀਆਂ ਦਰਜ ਹੋਈਆਂ ਹਨ। ਨੌਜਵਾਨ ਬਾਲਗਾਂ ਦਾ ਇਹ ਉਮਰ ਸਮੂਹ ਕੁੱਲ ਖ਼ੁਦਕੁਸ਼ੀਆਂ ਦਾ 67 ਫ਼ੀਸਦੀ ਹੈ। ਸਭ ਤੋਂ ਵੱਧ ਖ਼ੁਦਕੁਸ਼ੀਆਂ ਮਹਾਰਾਸ਼ਟਰ, ਤਾਮਿਲਨਾਡੂ, ਮੱਧ ਪ੍ਰਦੇਸ਼, ਪੱਛਮੀ ਬੰਗਾਲ ਅਤੇ ਕਰਨਾਟਕ ਵਿੱਚ ਹੋਈਆਂ ਹਨ। ਇਨ੍ਹਾਂ ਪੰਜ ਰਾਜਾਂ ਵਿੱਚ ਮਿਲ ਕੇ ਦੇਸ਼ ਵਿੱਚ ਹੋਈਆਂ ਕੁੱਲ ਖ਼ੁਦਕੁਸ਼ੀਆਂ ਦਾ 50.4 ਫ਼ੀਸਦੀ ਹਿੱਸਾ ਹੈ। ਖ਼ੁਦਕੁਸ਼ੀਆਂ ਦੀਆਂ ਦਰਾਂ ਦੇ ਮਾਮਲੇ ਵਿੱਚ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਵਿੱਚ ਖ਼ੁਦਕੁਸ਼ੀਆਂ ਦੀ ਸਭ ਤੋਂ ਵੱਧ ਦਰ 39.7 ਦਰਜ ਕੀਤੀ ਗਈ ਜਿਸ ਤੋਂ ਬਾਅਦ ਸਿੱਕਿਮ ਵਿੱਚ 39.2, ਪੁਡੂਚੇਰੀ ਵਿੱਚ 31.8, ਤੇਲੰਗਾਨਾ ਵਿੱਚ 26.9 ਅਤੇ ਕੇਰਲ ਵਿੱਚ 26.9 ਹੈ। ਰਿਪੋਰਟ ਮੁਤਾਬਿਕ ਖ਼ੁਦਕੁਸ਼ੀਆਂ ਦਾ ਮੁੱਖ ਕਾਰਨ ਪਰਿਵਾਰਕ ਸਮੱਸਿਆਵਾਂ ਅਤੇ ਬਿਮਾਰੀਆਂ ਸਨ।

ਜਦੋਂ ਅਸੀਂ ਖ਼ੁਦਕੁਸ਼ੀ ਪੀੜਤਾਂ ਦੀ ਆਰਥਿਕ ਸਥਿਤੀ 'ਤੇ ਨਜ਼ਰ ਮਾਰਦੇ ਹਾਂ ਤਾਂ ਲਗਭਗ 64.2 ਫ਼ੀਸਦੀ ਦੀ ਸਾਲਾਨਾ ਆਮਦਨ ਇੱਕ ਲੱਖ ਰੁਪਏ ਤੋਂ ਘੱਟ ਸੀ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਿੱਚ ਆਤਮ ਹੱਤਿਆਵਾਂ ਦੀ ਦਰ ਲਗਾਤਾਰ ਵਧ ਰਹੀ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਬੈਂਕਾਂ ਤੋਂ ਲਿਆ ਕਰਜ਼ਾ ਹੈ। ਆਤਮ ਹੱਤਿਆ ਦੇ ਸਾਹਮਣੇ ਆਏ ਹੋਰ ਕਾਰਨਾਂ ਵਿੱਚ ਵਿਆਹੁਤਾ ਜੀਵਨ ਸਬੰਧੀ ਝਗੜੇ, ਪ੍ਰੀਖਿਆ ਵਿੱਚ ਫੇਲ੍ਹ ਹੋਣਾ, ਕੋਈ ਗੰਭੀਰ ਬਿਮਾਰੀ ਹੋਣਾ, ਨਸ਼ਿਆਂ ਵਿੱਚ ਫਸੇ ਹੋਣਾ, ਗਰੀਬੀ, ਬੇਰੁਜ਼ਗਾਰੀ, ਜਾਇਦਾਦ ਦੇ ਝਗੜੇ, ਵਿੱਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਨੂੰ ਹੁੰਦੀ ਮਾਨਸਿਕ ਪ੍ਰੇਸ਼ਾਨੀ ਅਤੇ ਰੈਗਿੰਗ, ਧਾਰਮਿਕ ਆਧਾਰ 'ਤੇ ਅਪਣੀ ਜਾਨ ਦੇਣਾ, ਕਿਸੇ ਖ਼ਾਸ ਵਿਅਕਤੀ ਦੀ ਮੌਤ 'ਤੇ ਦੁਖੀ ਹੋ ਕੇ ਅਪਣੀ ਜਾਨ ਦੇਣਾ, ਸਮਾਜਿਕ-ਰਾਜਨੀਤਿਕ ਅੰਦੋਲਨਾਂ ਵਿੱਚ ਅਪਣੀ ਜਾਨ ਦੇਣਾ ਆਦਿ ਸ਼ਾਮਿਲ ਹਨ। ਦੁਨੀਆ ਦੀਆਂ ਕੁੱਲ ਔਰਤਾਂ ਦੀਆਂ ਖ਼ੁਦਕੁਸ਼ੀਆਂ ਦਾ ਲਗਭਗ 40 ਫ਼ੀਸਦੀ ਭਾਰਤ ਵਿੱਚ ਹੁੰਦਾ ਹੈ।

ਬੰਗਲੌਰ ਵਿੱਚ ਕੀਤੇ ਗਏ ਇੱਕ ਅਧਿਐਨ ਵਿੱਚ ਘਰੇਲੂ ਹਿੰਸਾ ਨੂੰ ਖ਼ੁਦਕੁਸ਼ੀ ਲਈ ਇੱਕ ਪ੍ਰਮੁੱਖ ਕਾਰਕ ਪਾਇਆ ਗਿਆ ਹੈ। ਸਾਲ 2017 ਵਿੱਚ ਕੀਤੇ ਗਏ ਇੱਕ ਹੋਰ ਅਧਿਐਨ ਵਿੱਚ ਵਿਆਹੁਤਾ ਔਰਤਾਂ ਵਿੱਚ ਆਤਮ ਹੱਤਿਆ ਦੀ ਕੋਸ਼ਿਸ਼ ਲਈ ਘਰੇਲੂ ਹਿੰਸਾ ਇੱਕ ਕਾਰਕ ਪਾਇਆ ਗਿਆ ਸੀ। ਸਾਲ 2006 ਅਤੇ 2008 ਦਰਮਿਆਨ ਵਿਚਾਰਧਾਰਾ ਤੋਂ ਪ੍ਰੇਰਿਤ ਆਤਮ ਹੱਤਿਆਵਾਂ ਦੁੱਗਣੀਆਂ ਹੋ ਗਈਆਂ ਹਨ। ਮਾਨਸਿਕ ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਮੌਤਾਂ ਅਜਿਹੇ ਰਾਸ਼ਟਰ ਵਿੱਚ ਨੌਜਵਾਨਾਂ ਉੱਤੇ ਵਧ ਰਹੇ ਤਣਾਅ ਨੂੰ ਦਰਸਾਉਂਦੀਆਂ ਹਨ ਜਿੱਥੇ ਚੋਣਾਂ ਦੇ ਬਾਵਜੂਦ ਜਨਤਾ ਅਕਸਰ ਸ਼ਕਤੀਹੀਣ ਮਹਿਸੂਸ ਕਰਦੀ ਹੈ। ਆਤਮ ਹੱਤਿਆਵਾਂ ਦਾ ਇੱਕ ਵੱਡਾ ਅਨੁਪਾਤ ਮਨੋਵਿਗਿਆਨਕ ਬਿਮਾਰੀਆਂ ਜਿਵੇਂ ਡਿਪਰੈਸ਼ਨ, ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਮਨੋਵਿਗਿਆਨ ਦੇ ਸਬੰਧ ਵਿੱਚ ਹੁੰਦਾ ਹੈ। ਰਾਸ਼ਟਰੀ ਮਾਨਸਿਕ ਸਿਹਤ ਸਰਵੇਖਣ ਵਿੱਚ ਪਤਾ ਲਗਦਾ ਹੈ ਕਿ ਮਾਨਸਿਕ ਬਿਮਾਰੀਆਂ ਤੋਂ ਪੀੜਤ ਲਗਭਗ 80 ਫ਼ੀਸਦੀ ਲੋਕਾਂ ਨੇ ਇੱਕ ਸਾਲ ਤੋਂ ਵੱਧ ਸਮੇਂ ਲਈ ਇਲਾਜ ਨਹੀਂ ਕਰਵਾਇਆ। ਸਾਲ 2020 ਵਿੱਚ ਵਿਸ਼ਵ ਪੱਧਰ 'ਤੇ ਫੈਲੀ ਕੋਰੋਨਾ ਮਹਾਮਾਰੀ ਕਾਰਨ ਪ੍ਰੇਸ਼ਾਨੀ ਵਿੱਚ ਵੀ ਕਈ ਵਿਅਕਤੀਆਂ ਨੇ ਆਤਮ ਹੱਤਿਆ ਕੀਤੀ ਹੈ। ਭਾਰਤ ਵਿੱਚ ਆਤਮ ਹੱਤਿਆ ਦੇ ਮੁੱਖ ਤਰੀਕਿਆਂ ਵਿੱਚ ਲਗਭਗ 33 ਫ਼ੀਸਦੀ ਜ਼ਹਿਰ ਖਾਣਾ, 26 ਫ਼ੀਸਦੀ ਰੱਸੇ ਨਾਲ ਲਟਕਣਾ ਸ਼ਾਮਿਲ ਹੈ। ਆਤਮ ਹੱਤਿਆ ਕਰਨ ਦੇ ਵੱਖ-ਵੱਖ ਕਾਰਨ ਹਨ।

ਹਰ ਵਿਅਕਤੀ ਦੀ ਜ਼ਿੰਦਗੀ ਪਰਿਵਾਰ, ਸਮਾਜ, ਦੇਸ਼ ਅਤੇ ਵਿਸ਼ਵ ਲਈ ਬਹੁਮੁੱਲੀ ਹੈ ਅਤੇ ਆਤਮ ਹੱਤਿਆ ਕਾਰਨ ਹੋਣ ਵਾਲੀ ਮੌਤ ਉਸ ਵਿਅਕਤੀ ਦੇ ਪਰਿਵਾਰ, ਦੋਸਤਾਂ, ਸਾਥੀਆਂ, ਸਮਾਜ ਅਤੇ ਦੇਸ਼ ਲਈ ਵੱਡਾ ਘਾਟਾ ਰਹਿੰਦੀ ਹੈ। ਮਾਨਸਿਕ ਸਿਹਤ ਅਤੇ ਆਤਮ ਹੱਤਿਆ ਦੀ ਰੋਕਥਾਮ ਵਿੱਚ ਜਨਰਲ ਡਾਕਟਰਾਂ ਦੀ ਸਿਖਲਾਈ ਡਾਕਟਰਾਂ ਦੇ ਪੱਧਰ 'ਤੇ ਆਤਮ ਹੱਤਿਆ ਦੇ ਵਿਹਾਰ ਦੀ ਖੋਜ ਨੂੰ ਵਧਾਉਣ ਅਤੇ ਸਹੀ ਰੈਫਰਲ ਤੇ ਇਲਾਜ ਯਕੀਨੀ ਬਣਾਉਣ ਲਈ ਸਭ ਤੋਂ ਪ੍ਰਭਾਵਸ਼ਾਲੀ ਤਰੀਕਿਆਂ ਵਿੱਚੋਂ ਇੱਕ ਹੋ ਸਕਦਾ ਹੈ। ਦੇਸ਼ ਨੂੰ ਆਤਮ ਹੱਤਿਆ ਦੀ ਰੋਕਥਾਮ ਲਈ ਰਾਸ਼ਟਰੀ ਨੀਤੀ ਦੀ ਲੋੜ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਰੋਕਥਾਮ ਵਿਧੀਆਂ ਦੇਸ਼, ਰਾਜ, ਜ਼ਿਲ੍ਹੇ, ਸ਼ਹਿਰ, ਕਸਬੇ, ਪਿੰਡ ਸਾਰੇ ਪੱਧਰਾਂ 'ਤੇ ਲਾਗੂ ਹੋਣ। ਸਾਰੇ ਦੇਸ਼ਾਂ ਨੂੰ ਆਪਣੇ ਰਾਸ਼ਟਰੀ ਸਿਹਤ ਅਤੇ ਸਿੱਖਿਆ ਦੀਆਂ ਨੀਤੀਆਂ ਵਿੱਚ ਆਤਮ ਹੱਤਿਆ ਦੀ ਰੋਕਥਾਮ ਲਈ ਰਣਨੀਤੀਆਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਭਾਰਤ ਵਿੱਚ ਖ਼ੁਦਕੁਸ਼ੀ ਗ਼ੈਰ-ਕਾਨੂੰਨੀ ਹੈ ਅਤੇ ਅਜਿਹੇ ਵਿਅਕਤੀ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਆਤਮ ਹੱਤਿਆ ਨੂੰ ਰੋਕਣ ਲਈ ਠੋਸ ਕਦਮ ਚੁੱਕਣ ਦੀ ਜ਼ਰੂਰਤ ਹੈ ਜਿਸ ਵਿੱਚ ਸਮਾਜਿਕ ਇਕੱਲਤਾ ਨੂੰ ਘਟਾਉਣਾ, ਸਮਾਜਿਕ ਵਿਗਾੜ ਨੂੰ ਰੋਕਣਾ, ਮਾਨਸਿਕ ਵਿਕਾਰ ਦਾ ਇਲਾਜ, ਮਨੋਵਿਗਿਆਨਕ ਪ੍ਰੇਰਕ ਸੈਸ਼ਨਾਂ ਅਤੇ ਧਿਆਨ ਤੇ ਯੋਗ ਨੂੰ ਉਤਸ਼ਾਹਿਤ ਕਰਨਾ ਆਦਿ ਸ਼ਾਮਿਲ ਹਨ। ਆਤਮ ਹੱਤਿਆ ਕਿਸੇ ਮਸਲੇ ਦਾ ਹੱਲ ਨਹੀਂ।

# ਆਓ ਰਹੀਏ ਸਾਂਝੇ ਪਰਿਵਾਰ 'ਚ !

ਸਾਂਝਾ ਪਰਿਵਾਰ ਉਸਨੂੰ ਕਿਹਾ ਜਾਂਦਾ ਹੈ ਜਿੱਥੇ ਸਾਰੇ ਰਲ ? ਮਿਲ ਕੇ ਰਹਿਣ,ਜਿੱਥੇ ਸਾਰੇ ਇੱਕ ਦੂਜੇ ਦੀ ਇੱਜ਼ਤ ਕਰਨ,ਜਿੱਥੇ ਸਾਰੇ ਇੱਕ ਦੂਜੇ ਨੂੰ ਸਮਝਣ ।ਅੱਜ ਦੇ ਪਰਿਵਾਰਾਂ ਚ ਓਹ ਪੁਰਾਣਾ ਮੇਲ ਮਿਲਾਪ ਨਹੀਂ ਹੈ ।ਜੇਕਰ ਪੁਰਾਣੇ ਵੇਲਿਆਂ ਦੀ ਗੱਲ ਕਰੀਏ ਤਾਂ ਇੱਕ ਪਰਿਵਾਰ ਚ ਬਹੁਤ ਸਾਰੇ ਰਿਸ਼ਤਿਆਂ ਦਾ ਸੁਮੇਲ ਹੁੰਦਾ ਸੀ। ਚਾਚਾ , ਚਾਚੀ, ਤਾਇਆ, ਤਾਈ, ਦਾਦਾ ਦਾਦੀ, ਦਿਓਰ, ਜੇਠ,ਤੇ ਬੱਚੇ ਰਹਿੰਦੇ ਸਨ। ਇੱਕ ਦੂਜੇ ਨਾਲ ? ਬਹੁਤ ਹੀ ਪਿਆਰ ਹੁੰਦਾ ਸੀ। ਪਹਿਲਾਂ ਦੇ ਪਰਿਵਾਰ ਚ ਆਪਸੀ ਸਾਂਝ ਹੁੰਦੀ ਸੀ। ਤੁਸੀਂ ਪੁਰਾਣੇ ਬਜ਼ੁਰਗਾਂ ਤੋਂ ਸੁਣਿਆ ਹੋਣਾ ਕਿ ਜੇਕਰ ਵੱਡਾ ਕੁਝ ਕਹਿ ਵੀ ਦਿੰਦਾ ਸੀ ਤਾਂ ਸਾਰੇ ਓਸਦੀ ਗੱਲ ਮੰਨਦੇ ਵੀ ਸਨ ।ਜਿਵੇਂ ਵੱਡਿਆਂ ਨੇਂ ਕਹਿਤਾ ਮੰਨ ਲੈਂਦੇ ਸਨ ।ਕੋਈ ਵੀ ਗੱਲ ਨਹੀਂ ਸੀ ਮੋੜਦਾ। ਲਾਣੇ ਵੱਡੇ ਹੁੰਦੇ ਸਨ ।ਜੇਕਰ ਅੱਜ ਦੇ ਸਮੇਂ ਦੀ ਗੱਲ ਕਰੀਏ ਤਾਂ ਪਰਿਵਾਰ ਬਹੁਤ ਹੀ ਛੋਟੇ ਹੋ ਗਏ ਹਨ । ਤਿੰਨ ਜਾਂ ਚਾਰ ਇਨਸਾਨ ਹੀ ਪਰਿਵਾਰ ਚ ਰਹਿੰਦੇ ਹਨ। ਨੌਕਰੀ ਪੇਸ਼ਾ ਹੋਣ ਕਰਕੇ ਘਰ ਚ ਸਾਰੇ ਹੀ ਕੰਮ ਕਰਦੇ ਹਨ ਤੇ ਪਰਿਵਾਰ ਕਈਂ ਵਾਰ ਤਾਂ ਸ਼ਿਫਟਾਂ ਕਰਕੇ ਇਕੱਠਾ ਹੀ ਨਹੀਂ ਹੁੰਦਾ। ਸਾਂਝੇ ਪਰਿਵਾਰ ਦੇ ਬਹੁਤ ਹੀ ਫਾਇਦੇ ਹਨ। ਜੋ ਲੋਕ ਸਾਂਝੇ ਪਰਿਵਾਰ ਚ ਰਹਿੰਦੇ ਹਨ , ਓਹਨਾਂ ਨੂੰ ਪਤਾ ਹੋਣਾ ਕਿ ਜੇਕਰ ਓਹਨਾਂ ਨੇਂ ਕਿਸੇ ਥਾਂ ਜਾਣਾ ਹੋਵੇ ਤਾਂ ਓਹਨਾਂ ਨੂੰ ਘਰ ਦੇ ਬੂਹੇ ਤੇ ਜਿੰਦਰਾ ਲਾ ਕੇ ਨਹੀਂ ਜਾਣਾ ਪੈਂਦਾ ਕਿਉਂਕਿ ਘਰ ਦੀ ਦੇਖਭਾਲ ਕਰਨ ਲਈ ਬਾਕੀ ਹੋਰ ਮੈਂਬਰ ਹੁੰਦੇ ਹਨ ।ਜੇਕਰ ਤੁਸੀਂ ਸਾਂਝੇ ਪਰਿਵਾਰ ਚ ਨਹੀਂ ਰਹਿੰਦੇ ਤਾਂ ਫੇਰ ਤੁਸੀਂ ਘਰ ਸੁੰਨਾ ਨਹੀਂ ਛੱਡ ਸਕਦੇ। ਜੋ ਚੀਜ਼ ਸਾਂਝੇ ਪਰਿਵਾਰ ਚ ਬਣ ਜਾਂਦੀ ਹੈ ਓਹ ਛੋਟੇ ਪਰਿਵਾਰ ਚ ਨਹੀਂ ਬਣਦੀ। ਸਾਂਝੇ ਪਰਿਵਾਰ ਚ ਸਭ ਜੀਅ ਇੱਕ ਦੂਜੇ ਦਾ ਸਾਥ ਦਿੰਦੇ ਹਨ, ਸਭ ਰਲ ? ਮਿਲ ਕੇ ਕੰਮ ਕਰਦੇ ਹਨ ਤੇ ਕੰਮ ਛੇਤੀ ਵੀ ਹੋ ਜਾਂਦਾ ਹੈ। ਸਭਤੋਂ ਵੱਡਾ ਫਾਇਦਾ ਸਾਂਝੇ ਪਰਿਵਾਰ ਦਾ ਇਹ ਹੈ ਕਿ ਏਕਤਾ ਹੋਣ ਕਰਕੇ ਛੇਤੀ ਕੋਈ ਦੁਸ਼ਮਣ ,ਜਾਂ ਫੇਰ ਚੋਰ ਆਦਿ ਪੰਗਾ ਨਹੀਂ ਲੈਂਦਾ। ਵੱਖਰੀ ਹੀ ਪਹਿਚਾਣ ਹੁੰਦੀ ਹੈ ਸਾਂਝੇ ਘਰ ਦੀ। ਫ਼ਰਜ਼ ਕਰੋ ਕਿ ਕਿਸੀ ਦਾ ਵਿਆਹ ਕਰਨਾ ਹੈ ਘਰ ਚ ਤਾਂ ਤੁਸੀ ਦੇਖੋ ਜੇਕਰ ਕੋਈ ਇਕੱਲਾ ਹੈ ਤਾਂ ਇਸਨੂੰ ਵਿਆਹ ਦਾ ਕਾਰਜ ਨੇਪਰੇ ਚਾੜਨ ਲਈ ਸਾਰਾ ਕੰਮ ਇਕੱਲਾ ਹੀ ਕਰਨਾ ਪੈਂਦਾ ਹੈ ਤੇ ਜੇਕਰ ਵਿਆਹ ਸਾਂਝੇ ਘਰ ਚ ਹੈ ,ਜਿੱਥੇ ਚਾਚਾ ਚਾਚੀ, ਦਾਦਾ - ਦਾਦੀ , ਮਾਂ - ਪਿਓ ਇਕੱਠੇ ਰਹਿੰਦੇ ਹਨ , ਓਥੇ ਸਾਰਾ ਖਰਚਾ ਵੀ ਇਕੱਠਾ ਹੁੰਦਾ ਹੈ ਤੇ ਫੇਰ ਸਾਰੇ ਆਪੋ ਆਪਣਾ ਯੋਗਦਾਨ ਦਿੰਦੇ ਹਨ ਤੇ ਕਾਰਜ ਸੌਖਾ ਨੇਪਰੇ ਚੜ ਜਾਂਦਾ ਹੈ। ਪਰਿਵਾਰਾਂ ਨੂੰ ਚਾਹੀਦਾ ਹੈ ਕਿ ਓਹ ਇੱਕ ਦੂਜੇ ਦੇ ਨਾਲ ? ਰਲ ? ਮਿਲ ? ਕੇ ਰਹਿਣ, ਆਪਸੀ ਪਿਆਰ ਰੱਖਣ ਨਾ ਕੇ ਫ਼ਰਕ ਤੇ ਸ਼ਰੀਕੇਬਾਜੀ ਰੱਖਣ ।ਤੁਸੀ ਦੇਖੋ ਸਾਂਝੇ ਪਰਿਵਾਰ ਚ ਰੌਣਕ ਕਿੰਨੀ ਜ਼ਾਦਾ ਹੁੰਦੀ ਹੈ। ਸਾਰੇ ਇੱਕ ਦੂਜੇ ਨਾਲ ਹੱਸਦੇ - ਖੇਡਦੇ ਹਨ। ਸਾਂਝੇ ਘਰ ਚ ਤਿਉਹਾਰ ਵੀ ਬਹੁਤ ਹੀ ਰੌਣਕ ਨਾਲ ਮਨਾਏ ਜਾਂਦੇ ਹਨ। ਸਾਂਝੇ ਘਰ ਚ ਰਿਸ਼ਤਿਆਂ ਦੀ ਨੇੜਤਾ ਬਣੀ ਰਹਿੰਦੀ ਹੈ, ਆਪਸੀ ਪਿਆਰ ਬਣਿਆ ਰਹਿੰਦਾ ਹੈ ।ਸਾਂਝੇ ਪਰਿਵਾਰ ਚ ਬੱਚਿਆਂ ਦੀ ਪਰਵਰਿਸ਼ ਬਹੁਤ ਹੀ ਚੰਗੇ ਤਰੀਕੇ ਨਾਲ ? ਹੁੰਦੀ ਹੈ। ਦਾਦਾ ਦਾਦੀ ਆਪਣਾ ਲਾਡ ਲਡਾਉਂਦੇ ਹਨ, ਜਦਕਿ ਗੱਲ ਕਰੀਏ ਛੋਟੇ ਪਰਿਵਾਰ ਦੀ ਤਾਂ ਛੋਟੇ ਪਰਿਵਾਰ ਚ ਬੱਚੇ ਦੀ ਪਰਵਰਿਸ਼ ਚੰਗੇ ਤਰੀਕੇ ਨਾਲ ਨਹੀਂ ਹੁੰਦੀ ।ਛੋਟੇ ਪਰਿਵਾਰ ਚ ਮਾਪਿਆਂ ਕੋਲ ? ਬੱਚਿਆਂ ਕੋਲ ? ਬਿਤਾਉਣ ਲਈ ਸਮਾਂ ਨਹੀਂ ਹੁੰਦਾ,ਜਿਸ ਕਾਰਨ ਉਹ ਆਪਣੇ ਮਾਪਿਆਂ ਜਾਂ ਫੇਰ ਵੱਡੇ ਬਜ਼ੁਰਗਾਂ ਦੇ ਪਿਆਰ ਤੋਂ ਅਕਸਰ ਵਾਂਝੇ ਰਹਿ ਜਾਂਦੇ ਹਨ। ਸਾਂਝੇ ਪਰਿਵਾਰ ਦੇ ਵਿੱਚ ਕੰਮ ਵੰਡ ਕੇ ਕਰ ਲਿੱਤਾ ਜਾਂਦਾ ਹੈ ਜੇਕਰ ਇੱਕ ਪਰਿਵਾਰਕ ਮੈਂਬਰ ਘਰ ਦਾ ਕੰਮ ਕਰ ਰਿਹਾ ਹੈ ਤਾਂ ਦੂਜਾ ਬਾਹਰ ਦੇ ਕੰਮ ਕਰਦਾ ਲੈਂਦਾ ਹੈ ਤੇ ਕੰਮ ਵੀ ਹੋ ਜਾਂਦਾ ਹੈ। ਸਾਂਝੇ ਪਰਿਵਾਰ ਚ ਦੁੱਖ ਤੇ ਸੁੱਖ ਵੇਲੇ ਇੱਕ ਦੂਜੇ ਦੀ ਮਦਦ ਤੇ ਸਹਿਯੋਗ ਮਿਲਦਾ ਹੈ ਪਰ ਛੋਟੇ ਪਰਿਵਾਰ ਚ ਨਹੀਂ ।ਦੁੱਖ ਵੇਲੇ ਸਾਂਝੇ ਪਰਿਵਾਰ ਚ ਸਾਰੇ ਇੱਕ ਦੂਜੇ ਦਾ ਸਾਥ ਦਿੰਦੇ ਹਨ । ਸੋ ਲੋੜ ਹੈ ਸਾਰੇ ਸਾਂਝੇ ਪਰਿਵਾਰ ਚ ਰਹੀਏ, ਇੱਕ ਦੂਜੇ ਦਾ ਸਾਥ ਦਈਏ ਤਾਂ ਕਿ ਸਾਡਾ ਆਪਸੀ ਪਿਆਰ ਬਣਿਆ ਰਹੇ ,ਘਰ ਦੀ ਇੱਜ਼ਤ ਰਹੇ ।

ਗੁਰਿੰਦਰ ਪਾਲ ਸਿੰਘ ਰਾਜਪੁਰਾ

**ਲੇਖਕ ਆਪਣੀਆਂ ਰਚਨਾਵਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਮੋਬਾਇਲ ਨੰਬਰ 79860-87886'ਤੇ ਸੰਪਰਕ ਕਰਨ।**

ਰੋਜ਼ਾਨਾ ਆਜ਼ਾਦ ਸੋਚ 'ਚ ਛਪਣ ਵਾਲੀ ਲੇਖ ਸਮਗਰੀ ਲੇਖਕਾਂ ਦੇ ਨਿਜੀ ਵਿਚਾਰ ਹੁੰਦੇ ਹਨ। ਇੰਨਾਂ ਨਾਲ ਅਖਬਾਰ ਦਾ ਕੋਈ ਲੈਣਾ ਦੇਣਾ ਨਹੀਂ ਹੈ। ਪਾਠਕ ਸਾਹਿਬਾਨ ਨੋਟ ਕਰਨ। ਪ੍ਰਕਾਸ਼ਤ ਸਮੱਗਰੀ ਬਾਰੇ ਕੋਈ ਵੀ ਇਤਰਾਜ਼ ਸਬੰਧਤ ਲੇਖਕ ਕੋਲ ਹੀ ਉਠਾਇਆ ਜਾਵੇ।
- ਸੰਪਾਦਕ

# ਅਰਵਿੰਦ ਕੇਜਰੀਵਾਲ ਨੂੰ ਜਮਾਨਤ ਮਿਲਣ 'ਤੇ ਕੈਬਨਿਟ ਮੰਤਰੀ ਪੰਜਾਬ ਨੇ ਪਾਰਟੀ ਵਰਕਰਾਂ ਨਾਲ ਲੱਡੂ ਵੰਡ ਕੇ ਕੀਤੀ ਖੁਸ਼ੀ ਜਾਹਿਰ



**ਆਜ਼ਾਦ ਸੋਚ, ਅਸ਼ਵਨੀ ਭਗਤ, ਪਠਾਨਕੋਟ, 13 ਸਤੰਬਰ :**

ਅਰਵਿੰਦ ਕੇਜਰੀਵਾਲ ਨੂੰ ਅੱਜ ਮਾਨਯੋਗ ਸੁਪਰੀਮ ਕੋਰਟ ਵੱਲੋਂ ਜਮਾਨਤ ਮਿਲੀ ਹੈ ਅੱਜ ਸਭ ਤੋਂ ਪਹਿਲਾ ਅਸੀਂ ਸੁਪਰੀਮ ਕੋਰਟ ਦਾ ਧੰਨਵਾਦ ਕਰਦੇ ਹਾਂ ਕਿਉਂਕਿ ਇਹ ਸਿੱਧ ਹੋ ਗਿਆ ਹੈ ਕਿ ਦੇਸ ਅੰਦਰ ਕਾਨੂੰਨ ਅਤੇ ਸਵਿਧਾਨ ਤੋਂ ਉਪਰੋ ਕੋਈ ਨਹੀਂ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਜਸਵਾਲੀ ਰੇਸਟ ਹਾਊਸ ਵਿਖੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਸੈਣੀ ਬੀ.ਸੀ. ਵਿੰਗ ਦੇ ਜਿਲ੍ਹਾ ਪ੍ਰਧਾਨ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਕੁਲਦੀਪ ਭਟਵਾਂ ਬਲਾਕ ਪ੍ਰਧਾਨ, ਸੈਲੀ ਸਰਮਾ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਬਲਜਿੰਦਰ ਕੌਰ ਬਲਾਕ ਪ੍ਰਧਾਨ, ਨਿਸਾ ਸੈਣੀ ਬਲਾਕ ਪ੍ਰਧਾਨ, ਭੁਪਿੰਦਰ ਸਿੰਘ, ਰਜਿੰਦਰ ਭਿੱਲਾ ਬਲਾਕ ਪ੍ਰਧਾਨ ਅਤੇ ਹੋਰ ਬਲਾਕ ਪ੍ਰਧਾਨਾਂ ਤੋਂ ਇਲਾਵਾ ਪਾਰਟੀ ਵਰਕਰ ਵੀ ਹਾਜਰ ਸਨ। ਜਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਨੂੰ ਅੱਜ ਸੁਪਰੀਮ ਕੋਰਟ ਵੱਲੋਂ ਜਮਾਨਤ ਮਿਲੀ ਹੈ ਜਿਸ ਦੀ ਖੁਸੀ ਵਿੱਚ ਆਮ ਆਦਮੀ ਪਾਰਟੀ ਵਰਕਰਾਂ ਨੇ ਲੱਡੂ ਵੰਡ ਕੇ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਉਨ੍ਹਾਂ ਕਿਹਾ ਕਿ ਦੇਸ ਅੰਦਰ ਕਾਨੂੰਨ ਅਤੇ ਸਵਿਧਾਨ ਤੋਂ ਉਪਰ ਕੋਈ ਨਹੀਂ ਹੈ। ਉਨ੍ਹਾਂ ਕਿਹਾ ਕਿ ਈ.ਡੀ. ਵੱਲੋਂ ਦਰਜ ਕੀਤੇ ਮਾਮਲੇ ਵਿੱਚ ਉਨ੍ਹਾਂ ਨੂੰ ਜਮਾਨਤ ਮਿਲੀ ਸੀ ਪਰ ਉਨ੍ਹਾਂ ਨੂੰ ਬਾਹਰ ਆਉਂਣ ਤੋਂ ਰੋਕਣ ਦੇ ਲਈ ਸੀ.ਬੀ.ਆਈ. ਵੱਲੋਂ ਇੱਕ ਮਾਮਲਾ ਬਣਾਇਆ ਗਿਆ ਸੀ ਜਿਸ ਦਾ ਕੋਈ ਅਧਾਰ ਨਹੀਂ ਸੀ। ਉਨ੍ਹਾਂ ਕਿਹਾ ਕਿ ਮਾਨਯੋਗ ਕੇਜਰੀਵਾਲ ਜੀ ਦੇ ਬਾਹਰ ਆਉਂਣ ਤੇ ਸਾਰੇ ਪਾਰਟੀ ਵਰਕਰ ਉਨ੍ਹਾਂ ਨੂੰ ਜੀ ਆਇਆ ਆਖਦੇ ਹਨ। ਜਿਸ ਤਰ੍ਹਾਂ ਵਿਰੋਧੀ ਪਾਰਟੀਆਂ ਆਮ ਆਦਮੀ ਪਾਰਟੀ ਦੀ ਲੀਡਰਸਿਪ ਨੂੰ ਨਿਸਾਨਾ ਬਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਸਵਿਧਾਨ ਵਿੱਚ ਵਿਸਵਾਸ ਰੱਖਣ ਵਾਲੇ ਲੋਕਾਂ ਨੂੰ ਬਹੁਤ ਵੱਡਾ ਹੌਂਸਲਾ ਮਿਲਿਆ ਹੈ ਕਿ ਅੱਜ ਵੀ ਦੇਸ ਦੇ ਕਾਨੂੰਨ ਦੀ ਰਾਖੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਪਾਰਟੀ ਵਰਕਰਾਂ ਨੂੰ ਵੀ ਬਲ ਮਿਲਿਆ ਹੈ ਅਤੇ ਪਾਰਟੀ ਅੰਦਰ ਖੁਸੀ ਦੀ ਲਹਿਰ ਪਾਈ ਜਾ ਰਹੀ ਹੈ।

# ਸਬ ਤਹਿਸੀਲ ਘਨੌਰ ਵਿਖੇ ਗਰੀਨ ਅਸ਼ਟਾਮ ਪੇਪਰ ਸਬੰਧੀ ਕੀਤੀ ਜਾਗਰੂਕਤਾ ਮੀਟਿੰਗ



**ਆਜ਼ਾਦ ਸੋਚ, ਭਾਗ ਸਿੰਘ ਅੰਟਾਲ, ਅਭਿਸ਼ੇਕ ਸੂਦ, ਘਨੌਰ,13 ਸਤੰਬਰ :**

ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਤੇ ਮਾਲ ਮੰਤਰੀ ਬ੍ਰਹਮ ਸੰਕਰ ਜਿੰਪਾ ਦੇ ਹੁਕਮਾਂ ਤੇ ਦਿਸ਼ਾ ਨਿਰਦੇਸਾਂ ਦੇ ਨਾਇਬ ਤਹਿਸੀਲਦਾਰ ਹਰੀਸ ਕੁਮਾਰ ਅਤੇ ਉਦਯੋਗ ਵਿਭਾਗ ਦੇ ਇੰਸਪੈਕਟਰ ਅਜ਼ਾਦ ਵਿੰਦਰ ਸਿੰਘ ਵਲੋਂ ਸਬ ਤਹਿਸੀਲ ਘਨੌਰ ਵਿਖੇ ਸਮੂਹ ਟਾਈਪਿਸਟਾਂ, ਅਸਟਾਮ ਫਰੋਸਾਂ,ਵਸੀਕਾ ਨਵੀਸਾਂ ਨੂੰ ਗਰੀਨ ਅਸਟਾਮ ਪੇਪਰ ਸਬੰਧੀ ਜਾਗਰੂਕ ਕੀਤਾ ਗਿਆ। ਇਸ ਮੀਟਿੰਗ ਵਿਚ ਉਦਯੋਗ ਵਿਭਾਗ ਦੇ ਨੁਮਾਹਿੰਦੇ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਨਵੈਸਟ ਪੰਜਾਬ ਤਹਿਤ ਜੇਕਰ ਕੋਈ ਕਾਰੋਬਾਰੀ ਆਪਣਾ ਉਦਯੋਗ ਸਥਾਪਿਕ ਕਰਨਾ ਚਾਹੁੰਦਾ ਹੈ ਤਾਂ ਉਹ ਇਨਵੈਸਟ ਪੰਜਾਬ ਦੇ ਪੋਰਟਲ ਤੇ ਅਪਲਾਈ ਕਰ ਸਕਦਾ ਹੈ। ਉਸ ਉਪਰੰਤ ਉਸਦੀ ਅਰਜੀ ਵੱਖ—ਵੱਖ ਵਿਭਾਗਾਂ ਜਿਵੇਂ ਕਿ ਮਾਲ ਵਿਭਾਗ,ਪੰਜਾਬ ਪ੍ਰਦੂਸਣ ਕੰਟਰੋਲ ਬੋਰਡ,ਜੰਗਲਾਤ ਵਿਭਾਗ ਆਦਿ ਵਲੋਂ ਆਨ ਲਾਈਨ ਮੈਰਿਟ ਦੇ ਅਧਾਰ ਤੇ ਮੰਨਜੂਰੀ ਲਈ ਜਾਵੇਗੀ। ਇਸ ਤਰਾਂ ਸਾਰੇ ਸਬੰਧਤ ਪ੍ਰੀ ਅਪਰੂਵਲ ਮੰਨਜੂਰੀ ਉਪਰੰਤ ਕਾਰੋਬਾਰੀ ਗਰੀਨ ਅਸਟਾਮ ਪੇਪਰ ਤੇ ਰਜਿਸਟਰੀ ਕਰਵਾ ਸਕਦਾ ਹੈ।

# ਯੂਥ ਐਡਵੈਂਚਰ ਅਤੇ ਟਰੈਕਿੰਗ ਗਤੀਵਿਧੀਆਂ ਲਈ ਵਾਲੰਟੀਅਰਾਂ ਨੂੰ ਕੀਤਾ ਰਵਾਨਾ

**ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ,13 ਸਤੰਬਰ :**




ਪੰਜਾਬ ਸਰਕਾਰ ਦੇ ਯੁਵਕ ਸੇਵਾਵਾਂ ਵਿਭਾਗ ਦੁਆਰਾ ਮਾਲਵਾ ਖੇਤਰ ਦੇ ਪੰਜ ਜ਼ਿਲ੍ਹਿਆਂ ਦੇ ਚੁਣਵੇਂ ਨੌਜੁਆਨਾਂ ਨੂੰ ਮਨਾਲੀ ਵਿੱਚ ਲੱਗ ਰਹੇ ਯੂਥ ਐਡਵੈਂਚਰ ਅਤੇ ਟਰੈਕਿੰਗ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਅਕਾਲ ਡਿਗਰੀ ਕਾਲਜ ਮਸਤੂਆਣਾ ਸਾਹਿਬ ਤੋਂ ਰਵਾਨਾ ਕੀਤਾ ਗਿਆ। ਐਨ ਐਸ ਐਸ ਵਿਭਾਗ ਪ੍ਰੋਗਰਾਮ ਅਫ਼ਸਰ ਡਾਕਟਰ ਰੂਬੀ ਜਿੰਦਲ ਅਤੇ ਡਾਕਟਰ ਗੁਰਦੀਪ ਸਿੰਘ ਦੀ ਅਗਵਾਈ ਵਿੱਚ ਭਾਗੀਦਾਰਾਂ ਨੂੰ ਕੈਂਪ ਲਈ ਮਾਨਸਿਕ ਰੂਪ ਵਿੱਚ ਤਿਆਰ ਕਰਨ ਅਤੇ ਅਨੁਸ਼ਾਸਨ ਅਧੀਨ ਰਹਿ ਕੇ ਵਿਵਹਾਰਕ ਸਿੱਖਿਆ ਪ੍ਰਾਪਤ ਕਰਨ ਲਈ ਅਕਾਲ ਕਾਲਜ ਕੌਂਸਲ ਅਧੀਨ ਇੱਕ ਸ਼ਾਨਦਾਰ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਹਲਕਾ ਮਲੇਰਕੋਟਲਾ ਦੇ ਵਿਧਾਇਕ ਡਾ. ਮੁਹੰਮਦ ਜਾਮਿਲ ਉਰ ਰਹਿਮਾਨ ਨੇ ਮੁੱਖ ਮਹਿਮਾਨ ਵਜੋਂ ਅਤੇ ਬੀਬੀ ਜਸਵੀਰ ਕੌਰ ਸ਼ੇਰਗਿੱਲ ਜੁਆਇੰਟ ਸਕੱਤਰ ਨੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰੋ. ਨਿਸ਼ਾ ਦੀ ਅਗਵਾਈ ਵਿੱਚ ਸ਼ਬਦ ਗਾਇਨ ਰਾਹੀਂ ਕੀਤੀ। ਪ੍ਰਿੰਸੀਪਲ ਡਾ.ਅਮਨਦੀਪ ਕੌਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਡਾ. ਰਹਿਮਾਨ ਨੇ ਕੈਂਪ ਵਿੱਚ ਭਾਗ ਲੈਣ ਜਾ ਰਹੇ ਨੌਜਵਾਨਾਂ ਨੂੰ ਸੰਦੇਸ਼ ਦਿੱਤਾ ਕਿ ਉਹ ਜਾਬਤੇ ਵਿੱਚ ਰਹਿ ਕੇ ਇਸ ਕੈਂਪ ਵਿੱਚ ਭਾਗ ਲੈਣ ਅਤੇ ਹੋਰ ਚੰਗੇਰੇ ਨਾਗਰਿਕ ਬਣ ਕੇ ਵਾਪਸ ਆਉਂਣ ਤਾਂ ਕਿ ਇਹ ਧਰਤੀ ਮੁੜ ਤੋਂ ਰੰਗਲਾ ਪੰਜਾਬ ਬਣ ਸਕੇ। ਬੀਬੀ ਜਸਵੀਰ ਕੌਰ ਨੇ ਵਿਦਿਆਰਥੀ ਜੀਵਨ ਵਿੱਚ ਅਧਿਆਪਕਾਂ ਦੁਆਰਾ ਕੀਤੇ ਜਾਣ ਵਾਲੇ ਮਾਰਗਦਰਸ਼ਨ ਦੀ ਅਹਿਮੀਅਤ ਬਾਰੇ ਚਾਨਣਾ ਪਾਇਆ। ਭਾਈ ਅੰਮ੍ਰਿਤਪਾਲ ਸਿੰਘ ਪੱਖੋ ਨੇ ਕੈਂਪ ਭਾਗੀਦਾਰਾਂ ਨੂੰ ਸੰਦੇਸ਼ ਦਿੱਤਾ ਕਿ ਉਹ ਸਦਾ ਆਪਣੇ ਮਾਪਿਆਂ ਅਤੇ ਅਧਿਆਪਕਾਂ ਦਾ ਸਤਿਕਾਰ ਕਰਨ ਅਤੇ ਨੈਤਿਕਤਾ ਦੇ ਰਸਤੇ 'ਤੇ ਚੱਲਣ। ਯੁਵਕ ਸੇਵਾਵਾਂ ਵਿਭਾਗ ਦੇ ਡਿਪਟੀ ਡਾਇਰੈਕਟਰ ਸ੍ਰ. ਕੁਲਵਿੰਦਰ ਸਿੰਘ ਅਤੇ ਸਾਬਕਾ ਸਹਾਇਕ ਡਾਇਰੈਕਟਰ ਸ੍ਰ. ਗੁਰਚਰਨ ਸਿੰਘ ਸਮਾਘ ਨੇ ਨੌਜਵਾਨਾਂ ਨੂੰ ਇਸ ਤਰ੍ਹਾਂ ਦੇ ਕੈਂਪਾਂ ਦੀ ਮਹੱਤਤਾ ਬਾਰੇ ਦੱਸਿਆ। ਇਸ ਕੈਂਪ ਦੇ ਮੁੱਖ ਪ੍ਰਬੰਧਕ ਦੀ ਭੂਮਿਕਾ ਨਿਭਾ ਰਹੇ ਸ੍ਰੀ ਅਰੁਨ ਕੁਮਾਰ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ, ਜ਼ਿਲ੍ਹਾ ਬਰਨਾਲ਼ਾ ਨੇ ਭਾਗੀਦਾਰਾਂ ਨੂੰ ਕੈਂਪ ਦੇ ਨਿਯਮਾਂ ਬਾਰੇ ਜਾਣਕਾਰੀ ਦਿੱਤੀ। ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਡਾ. ਜੋਗਿੰਦਰ ਸਿੰਘ ਨੇ ਪੰਜਾਬ ਸਰਕਾਰ ਦੀ ਯੁਵਕ ਨੀਤੀ 'ਤੇ ਚਾਨਣਾ ਪਾਇਆ ਅਤੇ ਡਾ. ਕਮਲਜੀਤ ਕੌਰ ਨੇ ਵਿਦਿਆਰਥੀ ਜੀਵਨ ਵਿੱਚ ਸਹਿ—ਵਿੱਦਿਅਕ ਸਰਗਰਮੀਆਂ ਦੀ ਮਹੱਤਤਾ ਬਾਰੇ ਦੱਸਿਆ। ਪ੍ਰੋਗਰਾਮ ਦੇ ਅਖੀਰ ਵਿੱਚ ਕਾਲਜ ਪ੍ਰਬੰਧਕਾਂ ਵੱਲੋਂ ਲੱਡੂ ਵੰਡੇ ਗਏ ਅਤੇ ਡਾ. ਰਹਿਮਾਨ ਦੀ ਅਗਵਾਈ ਵਿੱਚ ਸਾਰੇ ਮਹਿਮਾਨਾਂ ਨੇ ਬੱਸਾਂ ਨੂੰ ਹਰੀ ਝੰਡੀ ਦਿਖਾ ਕੇ ਇਸ ਕੈਂਪ ਲਈ ਰਵਾਨਾ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਨੇਪਰੇ ਚੜ੍ਹਾਉਣ ਵਿੱਚ ਪ੍ਰੋ. ਰਮਨ ਕੁਮਾਰ, ਡਾ. ਪ੍ਰਿਆ ਰਾਣੀ, ਪ੍ਰੋ. ਅਮਨਦੀਪ ਕੌਰ, ਪ੍ਰੋ. ਸ਼ਿਆਮ, ਪ੍ਰੋ. ਗਗਨਪ੍ਰੀਤ ਕੌਰ, ਪ੍ਰੋ. ਪਰਦੀਪ ਕੌਰ, ਪ੍ਰੋ. ਹਰਜਿੰਦਰ ਸਿੰਘ ਹੁਰਾਂ ਨੇ ਵਿਸ਼ੇਸ਼ ਯੋਗਦਾਨ ਦਿੱਤਾ।

# ਭੇਦਭਰੇ ਹਾਲਾਤਾਂ ਵਿੱਚ ਨਾਮਾਲੂਮ ਇੱਕ ਨੌਜਵਾਨ ਦੀ ਮਿਲੀ ਲਾਸ਼, ਆਲੇ ਦੁਆਲੇ ਦਹਿਸ਼ਤ ਦਾ ਮਾਹੌਲ

**ਆਜ਼ਾਦ ਸੋਚ, ਤੇਜ ਪ੍ਰਕਾਸ਼ ਖਾਸਾ, ਬਲਾਚੌਰ, 13 ਸਤੰਬਰ :**

ਬਲਾਚੌਰ-ਰੋਪੜ ਮੁੱਖ ਮਾਰਗ ਪਿੰਡ ਰਾਏਪੁਰ ਨੰਗਲ ਨੇੜੇ ਮਾਜਰਾ ਜੱਟਾਂ ਪੈਟਰੋਲ ਪੰਪ ਦੇ ਸਾਹਮਣੇ ਇਕ ਨੌਜਵਾਨ ਦੀ ਭੇਦਭਰੇ ਹਾਲਾਤਾਂ ਵਿੱਚ ਲਾਸ਼ ਮਿਲਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਜਾਣਕਾਰੀ ਮੁਤਾਬਿਕ ਥਾਣਾ ਕਾਠਗੜ੍ਹ ਦੇ ਮੁੱਖ ਅਫਸਰ ਇੰਸਪੈਕਟਰ ਰਣਜੀਤ ਸਿੰਘ ਨੇ ਦੱਸਿਆ ਕਿ ਪਿੰਡ ਮਜਾਰਾ ਜੱਟਾਂ ਦੇ ਨਜ਼ਦੀਕ ਪਿੰਡ ਰਾਏਪੁਰ ਨੰਗਲ ਪੈਟਰੋਲ ਪੰਪ ਦੇ ਸਾਹਮਣੇ ਬਿਸਤ ਦੋਆਬ ਨਹਿਰ ਦੇ ਨਾਲ ਰੈਲਿੰਗ ਦੇ ਅੰਦਰ ਅਣਪਛਾਤੇ ਨੌਜਵਾਨ 22/23 ਸਾਲ ਦੀ ਲਾਸ਼ ਭੇਦਭਰੇ ਹਾਲਾਤਾਂ ਵਿੱਚ ਮਿਲੀ ਹੈ, ਜਿਸ ਦੀ ਪਹਿਚਾਣ ਹਾਲੇ ਤੱਕ ਨਹੀਂ ਹੋ ਪਾਈ ਹੈ। ਮ੍ਰਿਤਕ ਨੌਜਵਾਨ ਨੇ ਕਾਲੇ ਰੰਗ ਦੀ ਟੀਸ਼ਰਟ ਅਤੇ ਪਜਾਮਾ ਪਾਇਆ ਹੋਇਆ ਸੀ। ਉਨ੍ਹਾਂ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਲੈਫਟੀਨੈਂਟ ਜਨਰਲ ਬਿਕਰਮ ਸਿੰਘ ਸਰਕਾਰੀ ਹਸਪਤਾਲ ਬਲਾਚੌਰ ਵਿਖੇ ਮੋਰਚਰੀ ਵਿੱਚ ਅਗਲੇ 72 ਘੰਟੇ ਪਹਿਚਾਣ ਲਈ ਰੱਖਵਾ ਦਿੱਤਾ ਹੈ। ਉਨ੍ਹਾਂ ਮੁਤਾਬਿਕ ਇਸ ਪਿੱਛੇ ਕਿਤੇ ਨਾ ਕਿਤੇ ਹੱਤਿਆ ਦੀ ਸਾਜ਼ਿਸ਼ ਹੋਈ ਲੱਗਦੀ ਹੈ। ਜਿਸ ਦਾ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਪਤਾ ਲੱਗੇਗਾ। ਪੁਲਿਸ ਇਸ ਹੱਤਿਆ ਪਿਛੇ ਕਿਸ ਦੀ ਸਾਜ਼ਿਸ਼ ਹੈ ਉਸ ਲਈ ਬਰੀਕੀ ਨਾਲ ਜਾਂਚ ਪੜਤਾਲ ਕਰ ਰਹੀ ਹੈ। ਇਸ ਮੌਕੇ ਫਰਾਂਸਿਕ ਟੀਮ ਵੀ ਪੁੱਜ ਕੇ ਉਸਨੇ ਵੀ ਬਰੀਕੀ ਨਾਲ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਚੌਂਕੀ ਆਂਸਰੋਂ ਦੇ ਇੰਚਾਰਜ ਏਐਸਆਈ ਸਿਕੰਦਰ ਸਿੰਘ, ਥਾਣਾ ਕਾਠਗੜ੍ਹ ਦੇ ਮੁੱਖ ਅਫਸਰ ਇੰਸਪੈਕਟਰ ਰਣਜੀਤ ਸਿੰਘ, ਸੜਕ ਸੁਰੱਖਿਆ ਫੋਰਸ,ਅਤੇ ਡੀਐਸਪੀ ਸਾਮ ਸੁੰਦਰ , ਸੀਆਈਏ ਸਟਾਫ ਇੰਸਪੈਕਟਰ ਅਵਤਾਰ ਸਿੰਘ, ਐਸਆਈ ਪੂਰਨ ਸਿੰਘ ਸਮੇਤ ਪੁਲਿਸ ਪਾਰਟੀ ਹਾਜ਼ਰ ਸਨ। ਨੈਸ਼ਨਲ ਹਾਈਵੇ ਅਥਾਰਟੀ ਦੀ ਐਂਬੂਲੈਂਸ ਵੀ ਮੌਜੂਦ ਸੀ।




# ਸ੍ਰੀ ਮਸਤੂਆਣਾ ਸਾਹਿਬ ਵਿਖੇ ਡਰਾਈ ਡੇ ਫਰਾਈ ਡੇ ਐਕਟੀਵਿਟੀ ਕੀਤੀ

**ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ, 13 ਸਤੰਬਰ :**

ਅੱਜ ਡਰਾਈ ਡੇ ਫਰਾਈ ਡੇ ਐਕਟੀਵਿਟੀ ਦੌਰਾਨ ਸੈਕਟਰ ਬਡਰੁੱਖਾਂ ਅਧੀਨ ਪੈਂਦੇ ਸ੍ਰੀ ਮਸਤੂਆਣਾ ਸਾਹਿਬ ਵਿਖੇ ਸਿਵਲ ਸਰਜਨ ਸੰਗਰੂਰ ਡਾਕਟਰ ਕਿਰਪਾਲ ਸਿੰਘ, ਮੈਡੀਕਲ ਅਫਸਰ ਡਾਕਟਰ ਮਨੀਤਾ ਬਲਾਕ ਲੌਂਗੋਵਾਲ ਅਤੇ ਜ਼ਿਲ੍ਹਾ ਐਪੀਡੇਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਿਹਤ ਸੁਪਰਵਾਈਜਰ ਸੁਖਪਾਲ ਸਿੰਘ ਦੀ ਯੋਗ ਅਗਵਾਈ ਹੇਠ ਸਿਹਤ ਕਰਮਚਾਰੀ ਮਨਜੀਤ ਸਿੰਘ,ਹਰਜੀਤ ਸਿੰਘ ਅਤੇ ਜਸਵੀਰ ਸਿੰਘ ਸ੍ਰੀ ਮਸਤੂਆਣਾ ਸਾਹਿਬ ਵਿਖੇ ਰਿਹਾਇਸ਼ੀ ਕੁਆਟਰਾ ਵਿੱਚ ,ਹੋਸਟਲਾ ਵਿਚ ਇੱਕਠੇ ਹੋਏ ਲੋਕਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡੇਂਗੂ ਇਕ ਵਾਇਰਲ ਬੁਖਾਰ ਹੈ ਜੋ ਕਿ ਏਡੀਜ਼ ਅਜਿਪਟੀ ਨਾ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ।ਇਸ ਬੁਖਾਰ ਦੇ ਮੁੱਖ ਲੱਛਣ ਤੇਜ ਸਿਰ ਦਰਦ ਅਤੇ ਬੁਖਾਰ,ਅੱਖਾ ਦੇ ਪਿਛਲੇ ਹਿੱਸੇ ਵਿੱਚ ਅਤੇ ਮਾਸ ਪੇਸ਼ੀਆਂ ਵਿਚ ਦਰਦ,ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣੀਆਂ ਅਤੇ ਜ਼ਿਆਦਾ ਹਾਲਤ ਖਰਾਬ ਹੋਣ ਤੇ ਨੱਕ, ਮੂੰਹ ਅਤੇ ਮਸੂੜਿਆਂ ਵਿੱਚੋਂ ਖੂਨ ਦਾ ਵਗਣਾ ਹੈ ।ਇਸ ਦੌਰਾਨ ਲੋਕਾਂ ਨੂੰ ਦੱਸਿਆ ਕਿ ਡੇਂਗੂ ਬੁਖਾਰ ਦੀ ਭਰਮਾਰ ਨੂੰ ਅਸਾਨੀ ਨਾਲ ਜਿੱਤਿਆ ਜਾ ਸਕਦਾ ਹੈ ਜੇਕਰ ਅਸੀਂ ਇਲਾਜ ਨਾਲੋਂ ਪ੍ਰਹੇਜ਼ ਦੀਆਂ ਸੇਵਾਵਾਂ ਤੇ ਪੂਰਾ ਧਿਆਨ ਦਈਏ ਅਤੇ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਵੀ ਜਾਗਰੂਕ ਕਰੀਏ ਕਿ ਡੇਂਗੂ ਫੈਲਾਉਣ ਵਾਲੇ ਮੱਛਰ ਖੜੇ ਅਤੇ ਸਾਫ ਪਾਣੀ ਵਿੱਚ ਪਲਦੇ ਹਨ ਜਿਵੇਂ ਕੂਲਰਾਂ ਵਿਚ, ਪਾਣੀ ਦੀਆਂ ਟੈਂਕੀਆਂ ਵਿਚ, ਗਮਲਿਆਂ ਵਿਚ, ਕਬਾੜ ਵਿਚ ਪਏ ਟੁੱਟੇ ਭੱਜੇ ਭਾਂਡਿਆਂ ਅਤੇ ਟਾਇਰਾ ਜਿਨਾਂ ਵਿੱਚ ਮੀਂਹ ਦਾ ਪਾਣੀ ਭਰ ਜਾਂਦਾ ਹੈ ਆਦਿ ਵਿੱਚ। ਇਸ ਲਈ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਇਕੱਠਾ ਨਾ ਹੋਣ ਦਿਓ।ਪਾਣੀ ਨਾਲ ਭਰੇ ਭਾਂਡਿਆਂ ਅਤੇ ਟੈਕੀਆ ਨੂੰ ਚੰਗੀ ਤਰ੍ਹਾਂ ਢੱਕ ਕੇ ਰੱਖੋ, ਹਫਤੇ ਵਿਚ ਇਕ ਵਾਰ ਕੂਲਰਾਂ ਦੇ ਪਾਣੀ ਅਤੇ ਫਰਿਜ ਦੇ ਪਿਛਲੇ ਹਿੱਸੇ ਵੇਸਟ ਪਾਣੀ ਵਾਲੀ ਟਰੇਅ ਨੂੰ ਚੰਗੀ ਤਰ੍ਹਾਂ ਸਾਫ਼ ਕਰੋ। ਡੇਂਗੂ ਫੈਲਾਉਣ ਵਾਲਾ ਮੱਛਰ ਦਿਨ ਸਮੇਂ ਕੱਟਦਾ ਹੈ ਇਸ ਲਈ ਪੂਰਾ ਸਰੀਰ ਢੱਕਣ ਵਾਲੇ ਕੱਪੜੇ ਪਾਉ ਤਾ ਜੋ ਮੱਛਰ ਨਾ ਕੱਟ ਸਕੇ। ਰਾਤ ਨੂੰ ਸੌਣ ਸਮੇਂ ਮੱਛਰ ਦਾਨੀ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰੋ।



# ਸੁਨਾਮ ਅਗਰਵਾਲ ਸਭਾ ਨੇ ਟ੍ਰਾਈਡੈਂਟ ਦੇ ਸੀਐਮਡੀ ਰਜਿੰਦਰ ਗੁਪਤਾ ਨਾਲ ਮੁਲਾਕਾਤ ਕੀਤੀ

## ਸੁਨਾਮ ਅਗਰਵਾਲ ਸਭਾ ਕਰ ਰਹੀ ਹੈ ਸ਼ਲਾਘਾਯੋਗ ਕੰਮ: ਪਦਮਸ਼੍ਰੀ ਰਜਿੰਦਰ ਗੁਪਤਾ

**ਆਜ਼ਾਦ ਸੋਚ, ਬਾਂਸਲ, ਸੁਨਾਮ ਊਧਮ ਸਿੰਘ ਵਾਲਾ, 13 ਸਤੰਬਰ :**

ਸੁਨਾਮ ਅਗਰਵਾਲ ਸਭਾ ਦੀ ਤਰਫੋਂ ਪ੍ਰਸਿੱਧ ਉਦਯੋਗਪਤੀ ਅਤੇ ਟਰਾਈਡੈਂਟ ਗਰੁੱਪ ਦੇ ਸੀਐਮਡੀ ਪਦਮਸ਼੍ਰੀ ਰਜਿੰਦਰ ਗੁਪਤਾ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਵਫ਼ਦ ਨੇ ਦੱਸਿਆ ਕਿ ਅਗਰੋਹਾ ਧਾਮ ਦੇ ਸੰਸਥਾਪਕ ਨੰਦ ਕਿਸ਼ੋਰ ਗੋਇਨਕਾ , ਅਗਰੋਹਾ ਵਿਕਾਸ ਟਰੱਸਟ ਦੇ ਕੌਮੀ ਕਾਰਜਕਾਰੀ ਪ੍ਰਧਾਨ ਬਜਰੰਗ ਦਾਸ ਗਰਗ, ਪੰਜਾਬ ਅਗਰਵਾਲ ਸਭਾ ਦੇ ਪ੍ਰਧਾਨ ਸਰੂਪ ਚੰਦ ਸਿੰਗਲਾ, ਜਨਰਲ ਸਕੱਤਰ ਪਵਨ ਸਿੰਗਲਾ, ਪੰਜਾਬ ਇੰਚਾਰਜ ਸੁਰੇਸ਼ ਗੁਪਤਾ, ਮੀਤ ਪ੍ਰਧਾਨ ਸ. ਦੇਸ ਰਾਜ ਜਿੰਦਲ ਦੀ ਦੇਖ-ਰੇਖ ਹੇਠ 5 ਅਕਤੂਬਰ ਨੂੰ ਸੁਨਾਮ ਵਿਖੇ ਰਾਜ ਪੱਧਰੀ ਅਗਰਸੈਨ ਜੈਅੰਤੀ ਮਨਾਈ ਜਾ ਰਹੀ ਹੈ। ਪਦਮਸ੍ਰੀ ਰਜਿੰਦਰ ਗੁਪਤਾ ਨੂੰ ਸਮਾਗਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਸੁਨਾਮ ਅਗਰਵਾਲ ਸਭਾ ਦੇ ਮੁੱਖ ਸਲਾਹਕਾਰ ਘਨਸ਼ਿਆਮ ਕਾਂਸਲ, ਪ੍ਰਧਾਨ ਈਸ਼ਵਰ ਗਰਗ, ਚੇਅਰਮੈਨ ਪ੍ਰੇਮ ਗੁਪਤਾ ਨੇ ਉਨ੍ਹਾਂ ਨੂੰ ਸਭਾ ਦੀਆਂ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਰਜਿੰਦਰ ਗੁਪਤਾ ਨੂੰ ਦੱਸਿਆ ਗਿਆ ਕਿ ਸੁਨਾਮ ਅਗਰਵਾਲ ਸਭਾ ਵੱਲੋਂ ਗੁਪਤ ਰੂਪ ਵਿੱਚ ਲੋੜਵੰਦ ਪਰਿਵਾਰਾਂ ਦੀ ਮਦਦ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਉਹ ਸਮਾਜ ਸੇਵੀ ਗਤੀਵਿਧੀਆਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈ ਰਹੀ ਹੈ। ਇਸ ਦੌਰਾਨ ਰਜਿੰਦਰ ਗੁਪਤਾ ਨੇ ਕਿਹਾ ਕਿ ਅਗਰਵਾਲ ਸਮਾਜ ਦਾ ਇੱਕਮੁੱਠ ਹੋਣਾ ਸਮੇਂ ਦੀ ਮੁੱਖ ਲੋੜ ਹੈ। ਇੱਕਜੁੱਟ ਹੋ ਕੇ ਹੀ ਸਮਾਜ ਨੂੰ ਅੱਗੇ ਲਿਜਾਇਆ ਜਾ ਸਕਦਾ ਹੈ ਅਤੇ ਆਪਣੇ ਹੱਕਾਂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਉਨ੍ਹਾਂ ਸਮੂਹ ਡੈਲੀਗੇਟਾਂ ਨੂੰ ਭਰੋਸਾ ਦਿਵਾਇਆ ਕਿ ਉਹ ਇਸ ਰਾਜ ਪੱਧਰੀ ਜਯੰਤੀ ਸਮਾਗਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਕੋਸ਼ਿਸ਼ ਕਰਨਗੇ। ਇਸ ਮੌਕੇ ਪ੍ਰੋ: ਵਿਜੇ ਮੋਹਨ ਸਿੰਗਲਾ, ਮੁਨੀਸ਼ ਸੋਨੀ, ਸੰਜੇ ਗੋਇਲ, ਸੁਮੇਰ ਗਰਗ, ਆਰ ਐਨ ਕਾਂਸਲ, ਅਸ਼ੋਕ ਕਾਂਸਲ, ਨਵੀਨ ਜਿੰਦਲ, ਰਾਜੇਸ਼ ਗਰਗ, ਗੋਪਾਲ ਕ੍ਰਿਸ਼ਨ, ਸ਼ਿਵ ਸਿੰਗਲਾ ਆਦਿ ਹਾਜ਼ਰ ਸਨ।



# ਗੁਰੂ ਕ੍ਰਿਪਾ ਮਹਿਲਾ ਸੰਕੀਰਤਨ ਮੰਡਲੀ ਨੇ ਭਗਵਾਨ ਗਣੇਸ਼ ਜੀ ਦੀ ਪ੍ਰਤਿਮਾ ਨੂੰ ਨੋਟਾਂ ਦਾ ਹਾਰ ਕੀਤਾ ਭੇਟ

**ਆਜ਼ਾਦ ਸੋਚ, ਬਾਂਸਲ, ਸੁਨਾਮ ਊਧਮ ਸਿੰਘ ਵਾਲਾ, 13 ਸਤੰਬਰ :**

ਸ੍ਰੀ ਗੁਰੂ ਅਰਜਨ ਦੇਵ ਕਾਲੋਨੀ ਵਿਖੇ ਸ੍ਰੀ ਗਣੇਸ਼ ਉਤਸਵ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਦੌਰਾਨ ਅੱਜ ਗੁਰੂ ਕ੍ਰਿਪਾ ਮਹਿਲਾ ਸੰਕੀਰਤਨ ਮੰਡਲੀ ਵੱਲੋਂ ਸ੍ਰੀ ਗਣੇਸ਼ ਜੀ ਦੀ ਪ੍ਰਤਿਮਾ ਨੂੰ ਨੋਟਾਂ ਦਾ ਹਾਰ ਭੇਟ ਕੀਤਾ ਗਿਆ। ਇਸ ਮੌਕੇ ਗੁਰੂ ਕ੍ਰਿਪਾ ਮਹਿਲਾ ਸੰਕੀਰਤਨ ਮੰਡਲੀ ਦੀ ਅਨੀਤਾ ਬਜਾਜ ਨੇ ਦੱਸਿਆ ਕਿ ਉਨ੍ਹਾਂ ਦੀ ਮੰਡਲੀ ਵੱਲੋਂ ਹਰ ਮੰਗਲਵਾਰ ਨੂੰ ਸ੍ਰੀ ਸੁੰਦਰਕਾਂਡ ਜੀ ਦਾ ਪਾਠ ਕੀਤਾ ਜਾਂਦਾ ਹੈ। ਪਾਠ ਦੌਰਾਨ ਸ਼ਰਧਾਲੂਆਂ ਵੱਲੋਂ ਜੋ ਵੀ ਪੈਸਾ ਚੜ੍ਹਾਇਆ ਜਾਂਦਾ ਹੈ। ਉਹ ਪੈਸਾ ਧਾਰਮਿਕ ਕੰਮਾਂ ਲਈ ਵਰਤਿਆ ਜਾਂਦਾ ਹੈ ਅਤੇ ਇਹ ਹਾਰ ਵੀ ਉਸੇ ਪੈਸੇ ਨਾਲ ਬਣਾਇਆ ਗਿਆ ਹੈ। ਅਨੀਤਾ ਬਜਾਜ ਨੇ ਦੱਸਿਆ ਕਿ ਸੰਗਰੂਰ ਮੰਡਲ ਵੱਲੋਂ ਪਟਿਆਲਾ ਰੋਡ 'ਤੇ ਵਿਸ਼ਵ ਜਾਗ੍ਰਿਤੀ ਮਿਸ਼ਨ ਆਸ਼ਰਮ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਅਤੇ ਕੀਰਤਨ ਮੰਡਲੀ ਵਲੋ ਵੀ ਇਸ ਵਿੱਚ ਸਹਿਯੋਗ ਕੀਤਾ ਜਾਵੇਗਾ। ਇਸ ਮੌਕੇ ਅਨੀਤਾ ਬਜਾਜ, ਨੀਰੂ ਬਾਂਸਲ, ਜੋਤੀ ਖੱਟਰ, ਅਨੀਤਾ ਗਰਗ, ਨਿਸ਼ਾ ਸ਼ਰਮਾ, ਨੀਰੂ ਰਾਣੀ, ਸਲੋਚਨਾ ਦੇਵੀ, ਸੁਨੀਤਾ ਗਰਗ, ਸ਼ਾਲੂ ਬਾਂਸਲ, ਗੀਤਾ ਰਾਣੀ, ਸਿੰਦਰਪਾਲ, ਕਵਿਤਾ ਅਰੋੜਾ, ਰਜਨੀ, ਰਵੀਨਾ, ਨੀਤੂ ਰਾਣੀ ਆਦਿ ਸਮੇਤ ਹੋਰ ਵੀ ਮੰਡਲੀ ਦੇ ਮੈਂਬਰ ਅਤੇ ਕਲੋਨੀ ਵਾਸੀ ਹਾਜ਼ਰ ਸਨ।



# ਮੋਦੀ ਸਰਕਾਰ ਵੱਲੋਂ ਭੇਜੇ ਨਿਰਮਾਣ ਕਾਮਿਆਂ ਨੂੰ ਇਜ਼ਰਾਇਲ ਨੇ ਕੀਤਾ ਰੱਦ : ਸਾਥੀ ਚੰਦਰ ਸ਼ੇਖਰ

**ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ, 13 ਸਤੰਬਰ :**

ਸੀਟੂ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਸਾਥੀ ਚੰਦਰ ਸ਼ੇਖਰ ਨੇ ਕੇਂਦਰ ਦੀ ਮੋਦੀ ਸਰਕਾਰ ਦੀ ਨੈਸ਼ਨਲ ਸਕਿੱਲ ਡਿਵਲਪਮੈਂਟ ਕਾਰਪੋਰੇਸ਼ਨ ਅਤੇ ਭਾਜਪਾ ਦੀਆਂ ਰਾਜ ਸਰਕਾਰਾਂ ਵੱਲੋਂ ਜੰਗ ਵਿੱਚ ਰੁੱਝੇ ਇਜ਼ਰਾਇਲ ਨੂੰ ਭੇਜੇ ਸਾਰੇ ਹੁਨਰਮੰਦ ਨਿਰਮਾਣ ਕਾਮਿਆਂ ਨੂੰ ਹੁੰਨਰ ਤੋਂ ਸੱਖਣੇ ਐਲਾਨ ਕੇ ਉਨ੍ਹਾਂ ਨੂੰ ਵਾਪਸ ਭੇਜਣ ਦੀ ਬਜਾਏ ਗੈਰ ਹੁਨਰਮੰਦ ਆਮ ਮਜ਼ਦੂਰੀ ਦੇ ਕੰਮਾਂ ਵਿੱਚ ਲੱਗਣ ਦਾ ਬਦਲ ਦੇ ਦਿੱਤਾ ਹੈ। ਇਨ੍ਹਾਂ ਵਿਚੋਂ 870 ਵਰਕਰ ਵਾਪਸ ਪਰਤ ਆਏ ਹਨ। ਬੇਸ਼ੱਕ ਇਹ ਵਰਕਰ ਭਾਰਤ ਵਿੱਚ ਬੇਰੁਜਗਾਰੀ ਕਾਰਣ ਭੁੱਖਮਰੀ ਤੋਂ ਬਚਣ ਲਈ, ਵਧੇਰੇ ਮਜ਼ਦੂਰੀ ਦੇ ਲਾਲਚ ਵਿੱਚ ਅਤੇ ਭਾਜਪਾ ਸਰਕਾਰਾਂ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਉੱਥੇ ਗਏ ਸਨ। ਪ੍ਰੰਤੂ ਉਨ੍ਹਾਂ ਨੂੰ ਗਹਿਰੀ ਨਿਰਾਸ਼ਤਾ ਦਾ ਸਾਹਮਣਾ ਕਰਨਾ ਪਿਆ ਹੈ। ਇਹ ਕੁਝ ਸਰਕਾਰ ਤੋਂ ਸਰਕਾਰ ਅਨੁਸਾਰ ਭੇਜੇ ਵਰਕਰਾਂ ਨਾਲ ਹੀ ਨਹੀਂ ਵਾਪਰਿਆ ਸਗੋਂ ਨਿੱਜੀ ਏਜੰਸੀਆਂ ਰਾਹੀਂ ਇਜ਼ਰਾਇਲ ਦੀ ਨਿੱਜੀ ਨਿਰਮਾਣ ਕਾਰਪੋਰੇਸ਼ਨ ਨੂੰ ਭੇਜੇ ਵਰਕਰਾਂ ਨੂੰ ਇੱਕੋ ਝਟਕੇ ਨਾਲ ਰੱਦ ਕਰ ਦਿੱਤਾ ਹੈ। ਸੀਟੂ ਆਗੂ ਨੇ ਕਿਹਾ ਕਿ ਉਪਰੋਕਤ ਰਾਸ਼ਟਰੀ ਡਿਵੈਲਪਮੈਂਟ ਕਾਰਪੋਰੇਸ਼ਨ ਵਿੱਚ ਕੇਂਦਰ ਸਰਕਾਰ ਵੱਲੋਂ ਕਰੋੜਾਂ ਰੁਪਏ ਬਰਬਾਦ ਹੀ ਨਹੀਂ ਕੀਤੇ ਸਗੋਂ ਪੜਤਾਲ ਕਰਨ ਉੱਤੇ ਇਹ ਇੱਕ ਵੱਡਾ ਘਪਲਾ ਸਾਬਤ ਹੋਵੇਗਾ। ਸੀਟੂ ਇਸਦੀ ਫੌਰੀ ਸਾਂਝੀ ਸੰਸਦੀ ਕਮੇਟੀ ਬਣਾਕੇ ਜਾਂ ਜੂਡੀਸ਼ੀਅਲ ਪੜਤਾਲ ਕਰਵਾਕੇ ਦੋਸ਼ੀ ਅਧਿਕਾਰੀਆਂ, ਸਬੰਧਤ ਮੰਤਰੀ, ਝੂਠੇ ਪ੍ਰਚਾਰ ਤੇ ਇਸ਼ਤਿਹਾਰਬਾਜ਼ੀ ਤੇ ਕਰੋੜਾਂ ਰੁਪਏ ਬਰਬਾਦ ਕਰਨ ਵਾਲੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦੇਣ ਦੀ ਪੁਰਜ਼ੋਰ ਮੰਗ ਕਰਦੀ ਹੈ।



# ਦਿਲ ਦੇ ਦੌਰੇ ਤੋਂ ਬਚਣ ਲਈ ਵੱਧਦੇ ਵਜ਼ਨ ਦਾ ਰੱਖੋ ਖਿਆਲ

## ਆਪਣੇ ਖਾਣ ਪੀਣ ਨਾਲ ਲਾਈਫ ਸਟਾਇਲ ਨੂੰ ਚੰਗਾ ਕੀਤਾ ਜਾ ਸਕਦਾ ਹੈ : ਦਵਿੰਦਰ

**ਆਜ਼ਾਦ ਸੋਚ, ਰਜਨੀਸ਼ ਕਰਕਰਾ, ਰਾਮਪੁਰਾ ਫੂਲ , 13 ਸਤੰਬਰ**



ਮੋਟਾਪੇ ਕਾਰਨ ਵੱਧ ਰਹੀਆਂ ਸਮੱਸਿਆਵਾਂ ਤੇ ਇਸਨੂੰ ਕੰਟਰੋਲ ਕਰਨ ਲਈ ਵਿਸ਼ੇਸ ਸੈਮੀਨਾਰ ਕਰਵਾਇਆ ਗਿਆ . ਜਿਸ ਵਿੱਚ ਹਰਬਲ ਲਾਈਫ ਕੰਪਨੀ ਦੇ ਟ੍ਰੇਨਰ ਦਵਿੰਦਰ ਸਿੰਘ ਵਿਸ਼ੇਸਤੋਰ ਤੇ ਸਾਮਲ ਹੋਏ . ਇਸ ਮੌਕੇ ਸਮਾਗਮ ਦੀ ਸ਼ੁਰੂਆਤ ਕਰਦਿਆਂ ਸਟੇਜ਼ ਸਕੱਤਰ ਅਮਨ ਜਿੰਦਲ ਨੇ ਦੱਸਿਆ ਕਿ ਕਿਵੇਂ ਸਾਡੇ ਗਲਤ ਖਾਣ ਪੀਣ ਦੇ ਢੰਗ ਨਾਲ ਸਾਡਾ ਸਰੀਰ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੀ ਪਕੜ ਵਿੱਚ ਆ ਜਾਂਦਾ ਹੈ . ਅਮਨ ਜਿੰਦਲ ਨੇ ਕਿਹਾ ਕਿ ਗਲਤ ਢੰਗ ਤਰੀਕੇ ਨਾਲ ਖਾਇਆ ਗਿਆ ਸਹੀ ਖਾਣਾ ਵੀ ਸਰੀਰ ਨੂੰ ਨੁਕਸਾਨ ਪਹੁੰਚਾ ਦਿੰਦਾ ਹੈ . ਉਹਨਾਂ ਕਿਹਾ ਕਿ ਸਾਨੂੰ ਆਪਣੀ ਸਿਹਤ ਦਾ ਵਿਸ਼ੇਸ ਧਿਆਨ ਰੱਖਣ ਦੀ ਜ਼ਰੂਰਤ ਹੈ ਤੇ ਇਸ ਲਈ ਕੰਪਨੀ ਦੇ ਸੈਮੀਨਾਰ ਵਿੱਚ ਭਾਗ ਲੈਣਾ ਚਾਹੀਦਾ ਹੈ . ਸਮਾਗਮ ਦੌਰਾਨ ਸਿਹਤ ਸੰਭਾਲ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਮਹਿਮਾਨ ਦਵਿੰਦਰ ਸਿੰਘ ਨੇ ਦੱਸਿਆ ਗਲਤ ਖਾਣ ਤੇ ਗਲਤ ਢੰਗ ਨਾਲ ਖਾਣ ਕਾਰਨ ਸਾਡਾ ਸਰੀਰ ਕਈ ਬਿਮਾਰੀਆਂ ਦੀ ਪਕੜ ਵਿੱਚ ਆ ਜਾਂਦਾ ਹੈ ਇਸ ਲਈ ਇਨਸਾਨ ਦੀ ਉਮਰ ਦਿਨ ਵ ਦਿਨ ਘੱਟਦੀ ਜਾ ਰਹੀ ਹੈ . ਉਹਨਾਂ ਕਿਹਾ ਕਿ ਛੋਟਾ ਲੱਗਣ ਵਾਲੀ ਬਿਮਾਰੀ ਬੀ ਪੀ ਤੇ ਤੇਜ਼ਾਬ ਬਣਨਾ ਸਾਰੀਆਂ ਬਿਮਾਰੀਆਂ ਦੀ ਜੜ੍ਹ ਹੈ ਤੇ ਮੁਟਾਪਾ ਸਾਰੀਆਂ ਬਿਮਾਰੀਆਂ ਦੀ ਮਾਂ . ਇਸ ਲਈ ਸਾਨੂੰ ਆਪਣੇ ਖਾਣ ਪੀਣ ਦੇ ਢੰਗ ਨੂੰ ਬਦਲਣ ਦੀ ਜਰੂਰਤ ਹੈ . ਦਵਿੰਦਰ ਸਿੰਘ ਨੇ ਦੱਸਿਆ ਕਿ ਦਿਲ ਦੇ ਦੌਰੇ ਤੋਂ ਬਚਣ ਲਈ ਸਾਨੂੰ ਆਪਣੇ ਵੱਧਦੇ ਬਜ਼ਨ ਦਾ ਖਿਆਲ ਰੱਖਣਾ ਚਾਹੀਦਾ ਹੈ . ਉਹਨਾਂ ਦੱਸਿਆ ਕਿ ਜਿਸ ਤਰ੍ਹਾਂ ਬਜ਼ਨ ਇੱਕ ਦਮ ਨਹੀ ਵੱਧਦਾ ਉਸ ਤਰ੍ਹਾਂ ਇਸਨੂੰ ਘਟਾਇਆ ਵੀ ਹੋਲੀ ਹੋਲੀ ਜਾਂਦਾ ਹੈ . ਉਹਨਾਂ ਦੱਸਿਆ ਕਿ ਸੂਗਰ ਦੀ ਬਿਮਾਰੀ ਵਿੱਚ ਇੰਡਿਆਂ ਦੂਨੀਆਂ ਦੀ ਰਾਜਧਾਨੀ ਬਣ ਚੁੱਕਿਆ ਹੈ . ਸਾਨੂੰ ਆਪਣੇ ਬੱਚਿਆਂ ਦੀ ਸਿਹਤ ਦਾ ਵਿਸ਼ੇਸ ਖਿਆਲ ਰੱਖਣ ਦੀ ਜ਼ਰੂਰਤ ਹੈ ਇਸ ਲਈ ਉਹਨਾਂ ਦੇ ਖਾਣ ਪੀਣ ਦਾ ਵਿਸ਼ੇਸ ਧਿਆਨ ਰੱਖਿਆ ਜਾਵੇ ਅਤੇ ਵਧੀਆਂ ਸਿਹਤ ਲਈ ਪ੍ਰੋਸ਼ਿਕ ਤੱਤਾ ਬਿਟਾਮਿਨ ਆਦਿ ਦਾ ਵਿਸ਼ੇਸ ਧਿਆਨ ਰੱਖਿਆ ਜਾਵੇ . ਦਵਿੰਦਰ ਸਿੰਘ ਨੇ ਦੱਸਿਆ ਕਿ ਹਰ ਰੋਜ਼ 20 ਕਿਲੋ ਭਾਰ ਪਿਛੇ ਇੱਕ ਲੀਟਰ ਪਾਣੀ ਪੀਣ ਦੀ ਲੋੜ ਪੈਂਦੀ ਹੈ ਤੇ ਸਾਨੂੰ ਆਪਣੇ ਭਾਰ ਅਨੁਸਾਰ ਸਰੀਰ ਦਾ ਪਾਣੀ ਪੂਰਾ ਕਰਨਾ ਚਾਹੀਦਾ ਹੈ ਇਸ ਲਈ ਜਿਥੇ ਸਿਰਦਰਦ , ਥਕਾਵਟ , ਚਿਹਰੇ ਤੇ ਨਿਖਾਰ ਆਦਿ ਮੁਸ਼ਕਿਲਾ ਦੂਰ ਹੋਣਗੀਆਂ ਉਥੇ ਸਰੀਰ ਤੰਦਰੁਸਤ ਵੀ ਰਹੇਗਾ .ਸਮਾਗਮ ਦੇ ਅੰਤ ਵਿੱਚ ਹਰਬਲ ਲਾਈਫ ਕੰਪਨੀ ਨਾਲ ਜੁੜਕੇ ਵੱਖ ਵੱਖ ਬਿਮਾਰੀਆਂ ਤੋਂ ਨਿਜ਼ਾਤ ਪਾ ਚੁੱਕੇ ਵਿਆਕਤੀਆਂ ਨੇ ਆਪਣੇ ਅਨੁਭਵ ਸਭ ਨਾਲ ਸਾਂਝੇ ਕੀਤੇ .

# ਸਾਥੀ ਕੂੰਮਕਲਾਂ ਨੇ ਮਨਰੇਗਾ ਕਿਰਤੀਆਂ ਨੂੰ ਨਿਰਣਾਇਕ ਸੰਘਰਸ਼ ਲਈ ਤਿਆਰ ਰਹਿਣ ਦਾ ਦਿੱਤਾ ਸੱਦਾ

**ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ, 13 ਸਤੰਬਰ :**

ਮਨਰੇਗਾ ਮਜ਼ਦੂਰਾਂ ਦੀ ਇੱਕ ਇੱਕਤਰਤਾ ਸਾਥੀ ਜਗਬੀਰ ਸਿੰਘ ਨਾਗਰਾ ਇਕੋਲਾਹੀ ਸਾਥੀ ਕਰਮਜੀਤ ਸਿੰਘ ਭੌਰਲਾ ਬੀਬੀ ਰਾਜ ਰਾਣੀ ਦੀ ਅਗਵਾਈ ਵਿੱਚ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਨ ਲਈ ਸੀਟੂ ਪੰਜਾਬ ਦੇ ਸੂਬਾ ਸਕੱਤਰ ਅਤੇ ਮਨਰੇਗਾ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ ਵਿਸ਼ੇਸ਼ ਤੌਰ ਤੇ ਪੁੱਜੇ। ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਸੀਪੀਆਈ (ਐਮ) ਦੇ ਕੌਮੀ ਜਨਰਲ ਸਕੱਤਰ ਸਾਥੀ ਸੀਤਾ ਰਾਮ ਯੇਚੁਰੀ ਜੋ 72 ਸਾਲਾਂ ਦੇ ਸਨ ਅਤੇ ਦਿੱਲੀ ਦੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਹਸਪਤਾਲ ਚ ' ਆਈ. ਸੀ.ਯੂ. ਵਿੱਚ ਜੇਰੇ ਇਲਾਜ਼ ਸਨ। ਉਹ ਫੇਫੜਿਆਂ ਵਿੱਚ ਇਨਫੈਕਸ਼ਨ ਤੋਂ ਪੀੜ੍ਹਤ ਸਨ।ਕੱਲ ਉਨ੍ਹਾਂ ਨੇ ਆਖਰੀ ਸਾਹ ਏਮਜ਼ ਹਸਪਤਾਲ ਵਿੱਚ ਲਿਆ। ਉਨ੍ਹਾਂ ਨੂੰ ਦੋ ਮਿੰਟ ਮੋਨ ਖੜ੍ਹੇ ਹੋ ਕੇ ਸ਼ਰਧਾ ਅਤੇ ਸਤਿਕਾਰ ਭੇਂਟ ਕੀਤਾ ਗਿਆ। ਸਾਥੀ ਕੂੰਮਕਲਾਂ ਨੇ ਉਨ੍ਹਾਂ ਦੀ ਜੀਵਨੀ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਥੀ ਸੀਤਾ ਰਾਮ ਯੇਚੁਰੀ ਵਿਦਿਆਰਥੀ ਜੀਵਨ ਤੋਂ ਲੈਕੇ ਪੂੰਜੀਵਾਦੀ ਵਿਵਸਥਾ ਨੂੰ ਬਦਲਣ ਲਈ, ਮਜ਼ਦੂਰਾਂ ਕਿਸਾਨਾਂ, ਮੇਹਨਤਕਸ਼ ਲੋਕਾਂ ਨੂੰ ਜਾਗਰੂਕ ਕਰਨ ਲਈ ਹਰ ਸਮੇਂ ਤੱਤਪਰ ਰਹਿੰਦੇ ਸਨ। ਉਨ੍ਹਾਂ ਨੇ ਪਾਰਲੀਮੈਂਟ ਮੈਂਬਰ ਹੁੰਦਿਆਂ ਮਨਰੇਗਾ ਕਾਨੂੰਨ ਬਣਾਉਣ ਲਈ ਬਹੁਤ ਹੀ ਮਹੱਤਵਪੂਰਨ ਭੂਮਿਕਾ ਅਦਾ ਕੀਤੀ। ਸਾਥੀ ਸੀਤਾ ਰਾਮ ਯੇਚੁਰੀ ਦੇ ਵਿਛੋੜੇ ਦਾ ਜਿੱਥੇ ਉਨ੍ਹਾਂ ਦੇ ਪਰਿਵਾਰ ਅਤੇ ਸੀ.ਪੀ.ਆਈ(ਐਮ) ਨੂੰ ਘਾਟਾ ਪਿਆ ਹੈ ਉੱਥੇ ਦੇਸ਼ ਦੀ ਮਜ਼ਦੂਰ, ਕਿਸਾਨ, ਮੇਹਨਤਕਸ਼ ਲਹਿਰ ਅਤੇ ਭਾਈਚਾਰੇ ਨੂੰ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸਾਥੀ ਕੂੰਮਕਲਾਂ ਨੇ ਮਨਰੇਗਾ ਮਜ਼ਦੂਰਾਂ ਨੂੰ ਮਨਰੇਗਾ ਐਕਟ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਮਨਰੇਗਾ ਕਾਨੂੰਨ ਨੂੰ ਖ਼ਤਮ ਕਰਨਾ ਚਾਹੰਦੀ ਹੈ। ਕਿਉਂ ਕਿ ਜਦੋਂ ਮਨਰੇਗਾ ਕਾਨੂੰਨ ਨੂੰ ਦੇਸ਼ ਵਿੱਚ ਸ਼ੁਰੂ ਕੀਤਾ ਗਿਆ ਉਸ ਸਮੇਂ ਮਨਰੇਗਾ ਕੰਮਾਂ ਲਈ ਬੱਜਟ 98 ਹਜ਼ਾਰ ਕਰੋੜ ਰੁਪਏ ਰੱਖਿਆ ਗਿਆ ਸੀ, ਉਸ ਸਮੇਂ ਅੱਜ ਦੇ ਮੁਕਾਬਲੇ ਬੇਰੁਜ਼ਗਾਰੀ ਦੀ ਦਰ ਵੀ ਘੱਟ ਸੀ। ਹੁਣ ਮਹਿੰਗਾਈ ਅਸਮਾਨੀ ਚੜ੍ਹ ਚੁੱਕੀ ਹੈ, ਬੇਰੁਜ਼ਗਾਰੀ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਜਿਸ ਕਰਕੇ ਮਨਰੇਗਾ ਮਜ਼ਦੂਰਾਂ ਦੀ ਗਿਣਤੀ ਵਿਚ ਕਾਫੀ ਵਾਧਾ ਹੋਇਆ ਹੈ।ਇਸ ਲਈ ਬੱਜਟ ਵਿੱਚ ਤਿੰਨ ਗੁਣਾ ਵਾਧਾ ਕਰਨਾ ਜ਼ਰੂਰੀ ਹੈ। ਪ੍ਰੰਤੂ ਦੁਖ ਦੀ ਗੱਲ ਇਹ ਹੈ ਕਿ ਮੋਦੀ ਸਰਕਾਰ ਨੇ ਬੱਜਟ ਵਿੱਚ ਭਾਰੀ ਕਟੌਤੀਆਂ ਕਰ ਦਿੱਤੀਆਂ ਹਨ ਅਤੇ ਇਹ ਬੱਜਟ ਸਿਰਫ 80 ਹਜ਼ਾਰ ਕਰੋੜ ਰੁਪਏ ਰੱਖਿਆ ਹੈ। ਜਿਸ ਨਾਲ ਮਨਰੇਗਾ ਕਿਰਤੀਆਂ ਨੂੰ ਮਗਨਰੇਗਾ ਐਕਟ ਤਹਿਤ 100 ਦਿਨ ਕੰਮ ਪੂਰਾ ਨਹੀਂ ਦਿੱਤਾ ਜਾ ਰਿਹਾ। ਇੱਕ ਸਰਕਾਰੀ ਸਰਵੇਖਣ ਮੁਤਾਬਿਕ ਇਹ ਕੰਮ ਸਿਰਫ਼ 27 ਦਿਨ ਸਲਾਨਾਂ ਔਸਤਨ ਕੰਮ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮਨਰੇਗਾ ਕੰਮਾਂ ਲਈ ਬੱਜਟ ਵਿੱਚ ਤਿੰਨ ਗੁਣਾ ਵਾਧਾ ਕੀਤਾ ਜਾਵੇ ਤਾਂ ਹੀ ਮਨਰੇਗਾ ਮਜ਼ਦੂਰਾਂ ਨੂੰ ਕਾਨੂੰਨ ਮੁਤਾਬਕ ਕੰਮ ਦਿੱਤਾ ਜਾ ਸਕਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਭਾਰਤ ਵਿਚ 44ਵੀਂ 45ਵੀਂ 46ਵੀਂ ਲੇਬਰ ਕਾਨਫਰੰਸ ਦੀਆਂ ਸਿਫਾਰਸ਼ਾਂ ਅਨੁਸਾਰ ਹਰੇਕ ਕਿਰਤੀ ਨੂੰ ਘੱਟੋ ਘੱਟ 26000/-ਹਜ਼ਾਰ ਰੁਪਏ ਤਨਖਾਹ ਦਿੱਤੀ ਜਾਵੇ ਅਤੇ ਮਨਰੇਗਾ ਮਜ਼ਦੂਰਾਂ ਨੂੰ 700/- ਰੁਪਏ ਦਿਹਾੜੀ ਦਿੱਤੀ ਜਾਵੇ ਅਤੇ ਸਾਲ ਵਿੱਚ ਘੱਟੋ ਘੱਟ 200 ਦਿਨ ਕੰਮ ਦਿੱਤਾ ਜਾਵੇ, ਭਾਰਤ ਦੇ ਕਿਰਤ ਕਾਨੂੰਨਾਂ ਦੇ ਅਨੁਸਾਰ ਹਰੇਕ ਮਜ਼ਦੂਰ ਨੂੰ ਖੇਤ ਮਜ਼ਦੂਰਾਂ ਦੀ ਦਿਹਾੜੀ ਦੇ ਬਰਾਬਰ ਦਿਹਾੜੀ ਦਿੱਤੀ ਜਾਵੇ ਜ਼ੋ ਕਿ ਗਜ਼ਟ ਨੋਟੀਫਿਕੇਸ਼ਨ ਦੇ ਅਨੁਸਾਰ 437.36 ਹੈ, ਮਨਰੇਗਾ ਮਜ਼ਦੂਰਾਂ ਨੂੰ ਸਿਰਫ਼ 322/- ਰੁਪਏ ਦਿਹਾੜੀ ਦਿੱਤੀ ਜਾ ਰਹੀ ਹੈ ਜ਼ੋ ਕਿ ਕਾਨੂੰਨ ਦੀ ਅਵਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਮਨਰੇਗਾ ਮਜ਼ਦੂਰਾਂ ਨੂੰ ਕੰਮ ਕਰਨ ਵਾਲੇ ਔਜਾਰ ਦਾਤੀ, ਕਹੀ, ਖੁਰਪਾ, ਬੱਠਲ, ਬਾਲਟੀਆਂ, ਅਤੇ ਹੱਥਾਂ ਵਿੱਚ ਪਾਉਣ ਲਈ ਦਸਤਾਨੇ ਪੈਰਾਂ ਵਿਚ ਪਾਉਣ ਲਈ ਰਬੜ ਦੇ ਬੂਟ ਆਦਿ ਦਿੱਤੇ ਜਾਣ। ਇੱਕ ਮਤੇ ਰਾਹੀਂ ਮੰਗ ਕਿ ਮਨਰੇਗਾ ਮੁਲਾਜ਼ਮਾਂ ਨੂੰ ਪਿਛਲੇ ਚਾਰ ਮਹੀਨਿਆਂ ਦੀ ਤਨਖਾਹ ਫੌਰੀ ਦਿੱਤੀ ਜਾਵੇ ਅਤੇ ਉਨ੍ਹਾਂ ਦੀਆਂ ਮੰਗਾਂ ਮੰਨ ਕੇ ਵਿਕਾਸ ਦੇ ਕੰਮਾਂ ਨੂੰ ਨੇਪਰੇ ਚਾੜ੍ਹਿਆ ਜਾ ਸਕੇ। ਸਾਥੀ ਕੂੰਮਕਲਾਂ ਨੇ ਮਨਰੇਗਾ ਮਜ਼ਦੂਰਾਂ ਅਪਨੀ ਏਕਤਾ ਅਤੇ ਜੱਥੇਬੰਦੀ ਨੂੰ ਮਜ਼ਬੂਤ ਕਰਕੇ ਅਪਣੇ ਹੱਕਾਂ ਅਤੇ ਅਧਿਕਾਰਾਂ ਦੀ ਰਾਖੀ ਲਈ, ਕਿਸਾਨ ਮਜ਼ਦੂਰ ਏਕਤਾ ਉਸਾਰਕੇ ਨਿਰਣਾਇਕ ਸੰਘਰਸ਼ ਕਰਨ ਦਾ ਸੱਦਾ ਦਿੱਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਦੇਵ ਸਿੰਘ, ਹਰਚੰਦ ਸਿੰਘ, ਅਕਵਿੰਦਰ ਕੌਰ, ਕੁਲਦੀਪ ਕੌਰ, ਪਰਮਜੀਤ ਕੌਰ, ਸੰਦੀਪ ਕੌਰ, ਮਹਿੰਦਰ ਕੌਰ, ਮਨਜੀਤ ਕੌਰ, ਸ਼ਿੰਦਰ ਕੌਰ ਆਦਿ ਹਾਜ਼ਰ ਸਨ।



# ਸੀ.ਈ.ਪੀ.ਨਿਪੁੰਨਤਾ ਮੁਲਾਂਕਣ ਅਭਿਆਨ ਸਮੇਂ ਅਤੇ ਪੈਸੇ ਦੀ ਬਰਬਾਦੀ : ਡੀ.ਟੀ.ਐੱਫ ਸਿੱਖਿਆ ਨੂੰ ਬੇਲੋੜੇ ਪ੍ਰੋਜੈਕਟਾਂ ਨਾਲ ਨੂੜਨਾ ਬੰਦ ਕੀਤਾ ਜਾਵੇ :ਨਮੋਲ

**ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ,13 ਸਤੰਬਰ :**

ਇੱਕ ਪਾਸੇ ਜਿੱਥੇ ਵਿਦਿਆਰਥੀਆਂ ਦੇ ਸਲਾਨਾ ਇਮਤਿਹਾਨਾਂ ਤੋਂ ਪਹਿਲਾਂ ਸਤੰਬਰ ਪ੍ਰੀਖਿਆਵਾਂ ਸਿਰ ਤੇ ਖੜ੍ਹੀਆਂ ਹਨ, ਦੂਜੇ ਪਾਸੇ ਸਿੱਖਿਆ ਵਿਭਾਗ ਵੱਲੋਂ ਇੱਕ ਹੋਰ ਨਵਾਂ ਅਭਿਆਨ ਅਧਿਆਪਕਾਂ ਸਿਰ ਮੜ੍ਹ ਦਿਤਾ ਗਿਆ ਹੈ। ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੀ ਸੰਗਰੂਰ ਇਕਾਈ ਦੇ ਪ੍ਰਧਾਨ ਦਾਤਾ ਸਿੰਘ ਨਮੋਲ ਅਤੇ ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ ਨੇ ਸਰਕਾਰੀ ਸਕੂਲਾਂ ਵਿਚ ਪੜ੍ਹ ਰਹੇ ਗ਼ਰੀਬ ਮਜ਼ਦੂਰਾਂ, ਨਿਮਨ ਕਿਸਾਨੀ ਅਤੇ ਮੱਧਵਰਗੀ ਪਰਿਵਾਰਾਂ ਦੇ ਵਿਦਿਆਰਥੀਆਂ ਦੇ ਹੱਥਾਂ ਵਿੱਚੋਂ ਟੇਢੇ ਢੰਗ ਨਾਲ ਸਿੱਖਿਆ ਖੋਹਣ ਦੇ ਹਥਕੰਡਿਆਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਸਿੱਖਿਆ ਪ੍ਰਣਾਲੀ ਵਿੱਚ ਇਨਕਲਾਬੀ ਸੁਧਾਰ ਲਿਆਉਣ ਦੇ ਦਾਅਵੇ ਕਰਨ ਵਾਲੀ ਸੂਬਾ ਸਰਕਾਰ ਪਿਛਲੀਆਂ ਸਰਕਾਰਾਂ ਵਾਂਗੂੰ ਸਿੱਖਿਆ ਨੂੰ ਵੱਖ-ਵੱਖ ਪ੍ਰੋਜੈਕਟਾਂ ਅਤੇ ਅਭਿਆਨਾਂ ਨਾਲ਼ ਬੰਨ੍ਹ ਕੇ ਚਲਾ ਰਹੀ ਹੈ। ਇਸ ਦਾ ਖਮਿਆਜ਼ਾ ਅਧਿਆਪਕਾਂ ਅਤੇ ਵਿਦਿਆਰਥੀਆਂ ਦੋਹਾਂ ਨੂੰ ਭੁਗਤਣਾਂ ਪੈ ਰਿਹਾ ਹੈ। ਵਿੱਤ ਸਕੱਤਰ ਯਾਦਵਿੰਦਰ ਪਾਲ ਧੂਰੀ, ਪ੍ਰੈੱਸ ਸਕੱਤਰ ਜਸਬੀਰ ਨਮੋਲ ਅਤੇ ਜਥੇਬੰਦਕ ਸਕੱਤਰ ਪਵਨ ਕੁਮਾਰ ਨੇ ਸਿੱਖਿਆ ਵਿਭਾਗ ਵੱਲੋਂ ਦਿੱਤੀ ਜਾ ਰਹੀ ਪ੍ਰਾਜੈਕਟਾਂ ਅਧਾਰਿਤ ਸਿੱਖਿਆ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਦੇ ਸਰਵ ਸਿੱਖਿਆ ਅਭਿਆਨ, ਕਦੇ ਪੜ੍ਹੋ-ਪੰਜਾਬ,ਫ਼ਿਰ ਮਿਸ਼ਨ ਸਮਰੱਥ ਅਤੇ ਹੁਣ ਸੀ.ਈ.ਪੀ. ਨਿਪੁੰਨਤਾ ਮੁਲਾਂਕਣ ਨੇ ਵਿਦਿਆਰਥੀਆਂ ਦੇ ਸਿਲੇਬਸ ਅਤੇ ਅਧਿਆਪਕਾਂ ਦੀ ਮੌਲਿਕਤਾ ਨੂੰ ਖੂੰਜੇ ਲਗਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਕੂਲਾਂ ਨੂੰ ਪੇਪਰ ਤੋਂ ਇੱਕ ਦਿਨ ਪਹਿਲਾਂ ਪੇਪਰ ਪ੍ਰਿੰਟ ਕਰਾਉਣ ਦਾ ਨਾਦਰਸ਼ਾਹੀ ਫ਼ੁਰਮਾਨ ਜਾਰੀ ਕੀਤਾ ਜਾਂਦਾ ਹੈ ਜਿਸਦਾ ਸਾਰਾ ਖ਼ਰਚ ਸਕੂਲ ਮੁਖੀ ਜਾਂ ਇੰਚਾਰਜ ਅਧਿਆਪਕ ਵੱਲੋਂ ਆਪਣੀ ਜ਼ੇਬ ਵਿੱਚੋਂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 100 ਵਿਦਿਆਰਥੀਆਂ ਦੀ ਗਿਣਤੀ ਵਾਲੇ ਸਕੂਲਾਂ ਦੇ ਲਗਭਗ ਪੰਜ-ਛੇ ਸੌ ਰੁਪਏ ਪੇਪਰ ਫੋਟੋ ਸਟੇਟ ਕਰਾਉਣ ਤੇ ਖ਼ਰਚ ਹੁੰਦੇ ਹਨ। ਪ੍ਰੰਤੂ ਸਿੱਖਿਆ ਵਿਭਾਗ ਵੱਲੋਂ ਹਾਲੇ ਤੱਕ ਖੋਟਾ ਪੈਸਾ ਵੀ ਸਕੂਲਾਂ ਨੂੰ ਜਾਰੀ ਨਹੀਂ ਕੀਤਾ ਗਿਆ।ਇਸ ਤੋਂ ਬਿਨਾਂ ਅਧਿਆਪਕ ਇਹਨਾਂ ਪੇਪਰਾਂ ਦੀ ਚੈਕਿੰਗ ਕਰਨ ਅਤੇ ਰਿਜਲਟ ਆਨ ਲਾਈਨ ਕਰਨ ਵਿੱਚ ਸਾਰਾ ਦਿਨ ਉਲਝੇ ਰਹਿੰਦੇ ਹਨ ਜਿਸ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਦਾ ਦੋਹਰਾ ਨੁਕਸਾਨ ਹੁੰਦਾ ਹੈ। ਜ਼ਿਲ੍ਹਾ ਆਗੂਆਂ ਨੇ ਮੰਗ ਕੀਤੀ ਕਿ ਇਨ੍ਹਾਂ ਬੇਲੋੜੇ ਪ੍ਰੋਜੈਕਟਾਂ ਨੂੰ ਤੁਰੰਤ ਬੰਦ ਕਰਕੇ ਅਧਿਆਪਕਾਂ ਨੂੰ ਸਿਲੇਬਸ ਕਰਾਉਣ ਦਿੱਤਾ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਗੁਣਾਤਮਕ ਸਿੱਖਿਆ ਦਿੱਤੀ ਜਾ ਸਕੇ।



# ਐਨਓਸੀ ਖਤਮ ਕਰਕੇ ਘਰ ਬਣਾਉਣ ਵਾਲਿਆਂ ਨੂੰ ਦਿੱਤਾ ਲਾਭ : ਸੰਧੂ

**ਆਜ਼ਾਦ ਸੋਚ, ਰਮਨਦੀਪ ਕੁੱਲਗੜ੍ਹੀ, ਫਿਰੋਜ਼ਪੁਰ, 13 ਸਤੰਬਰ :**

ਆਮ ਆਦਮੀ ਪਾਰਟੀ ਦੀ ਸਰਕਾਰ ਨੇ ਨਜਾਇਜ਼ ਕੱਟੀਆਂ ਕਲੋਨੀਆਂ ਵਿੱਚ ਪਲਾਟ ਖਰੀਦਣ ਵਾਲੇ ਲੋਕਾਂ ਨੂੰ ਲਾਭ ਦੇ ਲਈ 500 ਗਜ਼ ਤੱਕ ਦੇ ਪਲਾਟ ਦੀ ਰਜਿਸਟਰੀ ਤੇ ਐਨ ਓ ਸੀ ਖਤਮ ਕਰ ਦਿੱਤਾ ਹੈ ਇਹ ਵਿਚਾਰ ਆਮ ਆਦਮੀ ਪਾਰਟੀ ਸੀਨੀਅਰ ਆਗੂ ਗੁਰਨੇਕ ਸਿੰਘ ਸੰਧੂ ਜਿਲ੍ਹਾ ਮੀਤ ਪ੍ਰਧਾਨ ਟਰੇਡਨੇ ਕੀਤਾ



# ਜ਼ਿਲ੍ਹਾ ਪ੍ਰਸ਼ਾਸ਼ਨ ਨੇ ਲਗਾਇਆ ਪਿੰਡ ਮੁਮਾਰਾ ਵਿਖੇ 15ਵਾਂ ਸੁਵਿਧਾ ਕੈਂਪ

## ਵਿਧਾਇਕ ਸੇਖੋਂ ਅਤੇ ਏ.ਡੀ.ਸੀ. (ਡੀ.) ਨੇ ਕੀਤਾ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ



**ਆਜ਼ਾਦ ਸੋਚ, ਗੁਲਜ਼ਾਰ ਮਦੀਨਾ, ਸਾਦਿਕ, 13 ਸਤੰਬਰ :**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਤੇ ਜ਼ਿਲ੍ਹੇ ਵਿੱਚ ਲਗਾਏ ਜਾ ਰਹੇ ਸੁਵਿਧਾ ਕੈਂਪਾਂ ਦੀ ਲੜੀ ਤਹਿਤ ਅੱਜ 15ਵਾਂ ਸੁਵਿਧਾ ਕੈਂਪ ਪਿੰਡ ਮੁਮਾਰਾ ਵਿਖੇ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵਿਧਾਇਕ ਫ਼ਰੀਦਕੋਟ ਸ. ਗੁਰਦਿੱਤ ਸਿੰਘ ਸੇਖੋਂ ਨੇ ਉਚੇਚੇ ਤੌਰ ਤੇ ਸ਼ਿਰਕਤ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਸਮਾਧਾਨ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ. ਨਰਭਿੰਦਰ ਸਿੰਘ ਗਰੇਵਾਲ ਵੀ ਉਨ੍ਹਾਂ ਦੇ ਨਾਲ ਹਾਜ਼ਰ ਸਨ। ਆਯੋਜਿਤ ਕੀਤੇ ਇਸ ਕੈਂਪ ਵਿੱਚ ਪਿੰਡ ਗੁੱਜਰ, ਚੰਨੀਆ, ਕਿਲੀ ਅਰਾਈਆ ਵਾਲਾ, ਬੁੱਟਰ, ਚੱਕ ਸਾਹੂ ਅਤੇ ਡੋਡ ਦੇ ਵਸਨੀਕਾਂ ਨੇ ਵੱਧ ਚੜ੍ਹ ਕੇ ਸ਼ਿਰਕਤ ਕੀਤੀ ਅਤੇ ਆਪਣੀਆਂ ਸਮੱਸਿਆਵਾਂ ਦਾ ਹੱਲ ਕਰਵਾਇਆ। ਇਸ ਮੌਕੇ ਆਪਣੇ ਸੰਬੋਧਨ ਵਿੱਚ ਵਿਧਾਇਕ ਸ. ਸੇਖੋਂ ਨੇ ਕਿਹਾ ਕਿ ਪਿੰਡ ਪੱਧਰ ਤੇ ਲੜੀਵਾਰ ਲਗਾਏ ਜਾ ਰਹੇ ਇਨ੍ਹਾਂ ਸੁਵਿਧਾ ਕੈਂਪਾਂ ਦਾ ਮਕਸਦ ਆਮ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਦਾ ਹੱਲ ਉਨ੍ਹਾਂ ਦੀਆਂ ਬਰੂਹਾਂ ਤੇ ਜਾ ਕੇ ਕਰਨਾ ਹੈ, ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਅੱਗੇ ਵੀ ਇਨ੍ਹਾਂ ਸੁਵਿਧਾ ਕੈਂਪਾਂ ਦਾ ਸਿਲਸਿਲਾ ਜਾਰੀ ਰਹੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ. ਨਰਭਿੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਅੱਜ ਜ਼ਿਲ੍ਹੇ ਵਿੱਚ 15ਵਾਂ ਲੋਕ ਸੁਵਿਧਾ ਕੈਂਪ ਲਗਾਇਆ ਗਿਆ ਹੈ। ਜਿਸ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਕਰਮਚਾਰੀਆਂ ਨੇ ਆਪਣੇ ਕਾਊਂਟਰ ਲਗਾ ਕੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਮੌਕੇ ਤੇ ਹੱਲ ਕੀਤਾ। ਉਨ੍ਹਾਂ ਦੱਸਿਆ ਕਿ ਅੱਜ ਕੁੱਲ 49 ਦਰਖਾਸਤਾਂ ਪ੍ਰਾਪਤ ਹੋਈਆਂ ਹਨ, ਜਿਨਾਂ ਨੂੰ ਸਮਾਂਬੱਧ ਹੱਲ ਕਰਨ ਦੇ ਜਾਰੀ ਨਿਰਦੇਸ਼ ਕੀਤੇ ਗਏ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਮੇਂ ਤੇ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਲਗਾਏ ਜਾਂਦੇ ਸੁਵਿਧਾ ਕੈਂਪਾਂ ਵਿੱਚ ਆਪਣੀਆਂ ਮੁਸ਼ਕਿਲਾਂ ਦੇ ਹੱਲ ਲਈ ਆਉਣ।

# ਪੰਜਾਬੀ ਲੇਖਕ ਮੰਚ ਵੱਲੋਂ ਸੁਰੀਲੇ ਗਾਇਕ ਮੁਕਾਬਲਾ 19 ਨੂੰ : ਪਵਨ ਸ਼ਰਮਾ

**ਆਜ਼ਾਦ ਸੋਚ, ਗੁਲਜ਼ਾਰ ਮਦੀਨਾ, ਸਾਦਿਕ, 13 ਸਤੰਬਰ :**

ਪੰਜਾਬੀ ਲੇਖਕ ਮੰਚ ਰਜਿ ਫ਼ਰੀਦਕੋਟ ਦੇ ਪ੍ਰਮੁੱਖ ਅਹੁਦੇਦਾਰਾਂ ਦੀ ਇੱਕ ਅਹਿਮ ਵਿਸ਼ੇਸ਼ ਮੀਟਿੰਗ ਕੀਤੀ ਗਈ ਜਿਸ ਦੀ ਪ੍ਰਧਾਨਗੀ ਪ੍ਰਸਿੱਧ ਮੰਚ ਸੰਚਾਲਕ ਪਵਨ ਸ਼ਰਮਾ ਸੁੱਖਣ ਵਾਲੀਆਂ ਨੇ ਕੀਤੀ। ਇਸ ਮੀਟਿੰਗ ਮਨਜਿੰਦਰ ਗੋਲ੍ਹੀ, ਜੀਤ ਕੰਮੇਆਣਾ, ਬਿੱਕਰ ਵਿਯੋਗੀ, ਵਤਨਵੀਰ ਜ਼ਖ਼ਮੀ, ਜੰਗੀਰ ਸੱਧਰ, ਬਲਵਿੰਦਰ ਫਿੱਡੇ, ਧਰਮ ਪ੍ਰਵਾਨਾ, ਦੇਵ ਪੰਜਾਬੀ ਪੰਜਾਬੀ ਫਿਲਮ ਐਕਟਰ, ਆਦਿ ਲੇਖਕਾਂ ਨੇ ਭਾਗ ਲਿਆ। ਇਸ ਦੌਰਾਨ ਮੰਚ ਵੱਲੋਂ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਪੰਜਾਬੀ ਲੇਖਕ ਮੰਚ ਰਜਿ: ਫ਼ਰੀਦਕੋਟ ਵੱਲੋਂ 19 ਅਕਤੂਬਰ 2024 ਦਿਨ ਸ਼ਨੀਵਾਰ ਨੂੰ, ਸੁਰੀਲੇ ਫ਼ਨਕਾਰ ਗਾਇਕ ਮੁਕਾਬਲਾ 2024, ਕਰਵਾਇਆ ਜਾਵੇਗਾ। ਜਿਸ ਨਵੀਂ ਉਮਰ ਦੇ ਅਣਗੌਲੇ ਕਲਾਕਾਰਾਂ ਨੂੰ ਇਸ ਪ੍ਰੋਗਰਾਮ ਵਿੱਚ ਆਪਣੀ ਕਲਾ ਪੇਸ਼ ਕਰਨ ਦਾ ਮੌਕਾ ਦਿੱਤਾ ਜਾਵੇਗਾ। ਇਸ ਮੁਕਾਬਲੇ ਵਿੱਚ ਦੋ ਗਰੁੱਪ ਹੋਣਗੇ। ਪਹਿਲੇ ਗਰੁੱਪ ਵਿਚ 18-30 ਸਾਲ ਅਤੇ ਦੂਸਰੇ ਗਰੁੱਪ ਵਿਚ 30 ਸਾਲ ਤੋਂ ਉੱਪਰ ਵਾਲੇ ਕਲਾਕਾਰ ਹਿੱਸਾ ਲੈ ਸਕਣਗੇ। ਜਿੱਤਣ ਵਾਲੇ ਕਲਾਕਾਰਾਂ ਨੂੰ ਵਿਸ਼ੇਸ਼ ਸਨਮਾਨ ਦਿੱਤਾ ਜਾਵੇਗਾ ਅਤੇ ਸੁਲਤਾਲ ਕੰਪਨੀ ਦੇ ਮਾਲਕ ਪ੍ਰਧਾਨ ਮਨਜਿੰਦਰ ਸਿੰਘ ਗੋਹਲੀ ਵੱਲੋਂ ਰਿਕਾਰਡ ਕਰਕੇ ਮਾਰਕੀਟ ਵਿੱਚ ਪੇਸ਼ ਕੀਤਾ ਜਾਵੇਗਾ। ਇਸ ਮੁਕਾਬਲੇ ਵਿੱਚ ਪੰਜਾਬ ਤੋਂ ਇਲਾਵਾ ਬਾਹਰਲੇ ਕਲਾਕਾਰ ਵੀ ਹਿੱਸਾ ਲੈ ਸਕਦੇ ਹਨ। ਇਸ ਮੁਕਾਬਲੇ ਵਿਚ ਹਿੱਸਾ ਲੈਣ ਲਈ ਪ੍ਰਧਾਨ ਮਨਜਿੰਦਰ ਸਿੰਘ ਗੋਹਲੀ ਮੁਬਾਇਲ ਨੰ 98156-41312 ਅਤੇ ਮੰਚ ਸੰਚਾਲਕ ਪਵਨ ਸ਼ਰਮਾ ਮੁਬਾਇਲ ਨੰ 98721-08156 ਤੇ ਸੰਪਰਕ ਕਰ ਪੂਰੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।



# ਸੰਤ ਈਸ਼ਰ ਸਿੰਘ ਸਕੂਲ ਦੇ ਖਿਡਾਰੀਆਂ ਨੇ ਲਾਈ ਗੋਲਡ ਮੈਡਲਾਂ ਦੀ ਝੜੀ

**ਅਜ਼ਾਦ ਸੋਚ, ਸ਼ੰਭੂ ਗੋਇਲ, ਲਹਿਰਾਗਾਗਾ, 13 ਸਤੰਬਰ :**



ਇਲਾਕੇ ਦੀ ਨਾਮਵਰ ਸੰਸਥਾ ਸੰਤ ਈਸ਼ਰ ਸਿੰਘ ਪਬਲਿਕ ਸਕੂਲ ਛਾਹੜ ਦੇ ਮੁੰਡੇ ਅਤੇ ਕੁੜੀਆਂ ਨੇ ਸਕੂਲੀ ਜੋਨ ਵਿੱਚ ਭਾਗ ਲਿਆ।ਜਿਸ ਵਿੱਚੋਂ ਸਾਟਪੁੱਟ ਅਤੇ ਡਿਸਕਸ ਥਰੋ ਵਿੱਚੋਂ ਅਰਸਦੀਪ ਕੌਰ ਨੇ ਅੰਡਰ-19 ਪਹਿਲਾ ਸਥਾਨ ਪ੍ਰਾਪਤ ਕੀਤਾ।ਜਸ਼ਨਦੀਪ ਕੌਰ ਨੇ ਅੰਡਰ-17 ਲੌਗ ਜੰਪ ਅਤੇ 1500 ਮੀਟਰ ਦੌੜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।ਪਵਨਪ੍ਰੀਤ ਨੇ 200 ਮੀਟਰ ਦੌੜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।ਏਕਮਜੋਤ ਕੌਰ ਨੇ 100 ਮੀਟਰ ਵਿੱਚੋਂ ਦੂਸਰਾ ਅਤੇ ਯੋਗੀਤਾ ਅਗਰਵਾਲ ਨੇ 600 ਮੀਟਰ ਦੌੜ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਲੜਕਿਆਂ ਵਿੱਚੋਂ ਨਮੇਸ਼ਰਨ ਸਿੰਘ ਨੇ (ਅੰਡਰ-14)100 ਮੀਟਰ ਤੇ ਲੌਗ ਜੰਪ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਅਕਾਸ਼ਦੀਪ ਨੇ 400 ਮੀਟਰ ਵਿੱਚੋਂ ਅਤੇ ਸਨਮਾਨਦੀਪ ਨੇ (ਅੰਡਰ-17) ਲਾਗ ਜੰਪ ਅਤੇ 100 ਮੀਟਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਗੁਰਮਨਪ੍ਰੀਤ ਨੇ ਜੈਵਲੀਨ ਥਰੋ ਅਤੇ ਹਰਪ੍ਰੀਤ ਸਿੰਘ ਨੇ 3000 ਮੀਟਰ ਦੌੜ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਦੇ ਚੈਅਰਮੈਨ ਸੰਤ ਬਾਬਾ ਸਾਧੂ ਸਿੰਘ ਜੀ ਨੇ ਇਸ ਜਿੱਤ ਤੇ ਬਹੁਤ ਖੁਸ਼ੀ ਜਾਹਿਰ ਕੀਤੀ ਅਤੇ ਜੇਤੂ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਸਕੂਲ ਦੇ ਮੈਨੇਜਰ ਗੁਰਮੀਤ ਕੌਰ,ਪ੍ਰਿੰਸੀਪਲ ਮਨਜੀਤਪਾਲ ਸਿੰਘ, ਵਾਇਸ ਪ੍ਰਿੰਸੀਪਲ ਸਧਾਂਸ਼ੂ ਸ਼ਰਮਾਂ,ਕੋਚ ਮਨਜੀਤ ਕੌਰ ਸਮੂਹ ਸਟਾਫ ਤੇ ਬੱਚੇ ਹਾਜਿਰ ਸਨ।

# ਸੜਕ ਕਿਨਾਰੇ ਖੜ੍ਹੀਆਂ ਰੇਹੜੀਆਂ ਅਤੇ ਰੇਹੜੇ ਪਿੱਛੇ ਹਟਵਾਏ

**ਆਜ਼ਾਦ ਸੋਚ, ਪਰਿੰਸ ਜਿੰਦਲ, ਭੀਖੀ, 13 ਸਤੰਬਰ :**




ਸੜਕ ਸੁਰੱਖਿਆ ਫੋਰਸ ਵੱਲੋਂ ਸ਼ਹਿਰ ਭੀਖੀ ਦੀ ਮੇਨ ਸੜਕ ਕਿਨਾਰੇ ਖੜ੍ਹੀਆਂ ਰੇਹੜੀਆਂ ਅਤੇ ਰੇਹੜੇ ਸੜਕ ਤੋਂ ਪਿੱਛੇ ਹਟਵਾਏ ਗਏ ਹਨ। ਜਾਣਕਾਰੀ ਦਿੰਦਿਆਂ ਟੀਮ ਇੰਚਾਰਜ ਏਐੱਸਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਸੜਕੀ ਹਾਦਸਿਆਂ ਤੋਂ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣ ਲਈ ਅਤੇ ਟਰੈਫਿਕ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਸੜਕ ਸੁਰੱਖਿਆ ਫੋਰਸ ਪੂਰੀ ਤਰ੍ਹਾਂ ਵਚਨਬੱਧ ਹੈ। ਇਸੇ ਤਹਿਤ ਰੂਟ ਨੰਬਰ 53902 ਉੱਤੇ ਸ਼ਹਿਰ ਭੀਖੀ ਦੀ ਮੇਨ ਸੜਕ ਕਿਨਾਰੇ ਖੜ੍ਹੀਆਂ ਰੇਹੜੀਆਂ, ਰੇਹੜੇ ਅਤੇ ਹੋਰ ਵਾਹਨਾਂ ਨੂੰ ਪਿੱਛੇ ਕਰਵਾਇਆ ਗਿਆ ਹੈ । ਉਹਨਾਂ ਕਿਹਾ ਕਿ ਫਲਾਂ ਅਤੇ ਸਬਜ਼ੀਆਂ ਦੀਆਂ ਰੇਹੜੀਆਂ ਲਗਾਉਣ ਵਾਲੇ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਸੜਕ ਕਿਨਾਰੇ ਗਲੀਆਂ ਸੜੀਆਂ ਸਬਜ਼ੀਆਂ ਅਤੇ ਫਲ ਨਾ ਸੁੱਟਣ ਕਿਉਂਕਿ ਇਹ ਚੀਜਾਂ ਖਾਣ ਲਈ ਲਾਵਾਰਿਸ ਪਸ਼ੂ ਇਕੱਠੇ ਹੁੰਦੇ ਹਨ ਜੋ ਸੜਕੀ ਹਾਦਸਿਆਂ ਦਾ ਕਾਰਨ ਬਣਦੇ ਹਨ। ਇਸ ਮੌਕੇ ਉਨ੍ਹਾਂ ਨਾਲ ਕਾਂਸਟੇਬਲ ਅੰਮ੍ਰਿਤਪਾਲ ਸਿੰਘ, ਕਾਂਸਟੇਬਲ ਜਗਦੀਸ਼ ਸਿੰਘ, ਕਾਂਸਟੇਬਲ ਹਰਜਿੰਦਰ ਸਿੰਘ ਤੋਂ ਇਲਾਵਾ ਲੇਡੀ ਕਾਂਸਟੇਬਲ ਮਨਪ੍ਰੀਤ ਕੌਰ ਹਾਜ਼ਰ ਸਨ।

# ਜੇਜੀ ਕਾਲਜ ਵਿਖੇ ਅਥਲੈਟਿਕ ਮੀਟ ਸੰਪੰਨ

**ਅਜ਼ਾਦ ਸੋਚ, ਸ਼ੰਭੂ ਗੋਇਲ, ਲਹਿਰਾਗਾਗਾ, 13 ਸਤੰਬਰ :**



ਜਸਮੇਰ ਸਿੰਘ ਜੇਜੀ ਕਾਲਜ ਗੁਰਨੇਂ ਕਲਾਂ ਦੇ ਚੇਅਰਮੈਨ ਇੰਦਰਜੀਤ ਸਿੰਘ ਜੇਜੀ ਅਤੇ ਚੇਅਰਪਰਸਨ ਹਰਮਨ ਜੇਜੀ ਵੱਲੋਂ ਚਲਾਏ ਜਾ ਰਹੇ ਕਾਲਜ ਅਤੇ ਪ੍ਰਿੰਸੀਪਲ ਅਮਨਦੀਪ ਸਿੰਘ ਦੀ ਅਗਵਾਈ ਵਿੱਚ ਅਤੇ ਪ੍ਰੋ. ਸੁਖਦੀਪ ਸਿੰਘ ਇੰਚਾਰਜ ਖੇਡ ਵਿਭਾਗ ਦੀ ਰਹਿਨੁਮਾਈ ਵਿੱਚ ਚੱਲ ਰਹੇ ਐਥਲੈਟਿਕਸ ਮੁਕਾਬਲਿਆਂ ਦਾ ਅੱਜ ਦੂਜਾ ਦਿਨ ਹੈ। ਅੱਜ ਇਸ ਸਮਾਗਮ ਵਿੱਚ ਵਿਸ਼ੇਸ ਤੌਰ ਤੇ ਪ੍ਰੋ. ਹਜ਼ੂਰਾ ਸਿੰਘ ਅਤੇ ਪ੍ਰੋ. ਹਰੀਸ਼ ਕੁਮਾਰ ਯੂਨੀਵਰਸਿਟੀ ਕਾਲਜ ਬਹਾਦਰਪੁਰ ਅਤੇ ਮਾਸਟਰ ਰਕੇਸ਼ ਕੁਮਾਰ ਇੰਚਾਰਜ ਸਰਕਾਰੀ ਹਾਈ ਸਕੂਲ ਅਲੀਸ਼ੇਰ ਨੇ ਹਾਜ਼ਰੀ ਲਗਵਾਈ। ਪ੍ਰਿੰਸੀਪਲ ਅਮਨਦੀਪ ਸਿੰਘ ਨੇ ਖੇਡ ਨਤੀਜਿਆਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਮਰ ਵਰਗ 14 ਸਾਲ ਵਿੱਚ 100 ਮੀਟਰ ਰੇਸ ਵਿੱਚ ਜਸਪ੍ਰੀਤ ਕੌਰ ਸਰਕਾਰੀ ਮਿਡਲ ਸਕੂਲ ਅੜਕਵਾਸ, 400 ਮੀਟਰ ਰੇਸ ਵਿੱਚ ਜਪਰੀਤ ਕੌਰ ਪੀ.ਪੀ.ਐਸ. ਸਕੂਲ ਲਹਿਰਾ, 400 ਮੀਟਰ ਰਿਲੇਅ ਦੌੜਾਂ ਵਿੱਚ ਸਰਕਾਰੀ ਹਾਈ ਸਕੂਲ ਕਾਲਵੰਜਾਰਾ, ਉਮਰ ਵਰਗ 17 ਸਾਲ ਵਿੱਚ ਕਸ਼ਿਸ ਸਰਕਾਰੀ ਕੰਨਿਆ ਸਕੂਲ ਲਹਿਰਾ 800 ਮੀਟਰ ਵਿੱਚ ਸੋਨੀਆਂ, ਜੈਵਲਿਨ ਥਰੋਅ ਵਿੱਚ ਨਵਦੀਪ ਕੌਰ ਸਾਈ ਇੰਦਰ ਪਬਲਿਕ ਸਕੂਲ ਲਹਿਰਾ ਨੇ ਪ੍ਰਥਮ ਸਥਾਨ ਪ੍ਰਾਪਤ ਕੀਤਾ। ਉਮਰ ਵਰਗ 17 ਸਾਲ ਲੜਕਿਆਂ ਵਿੱਚ 200 ਮੀਟਰ ਵਿੱਚ ਹਰਦੀਪ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੁਟਾਲ ਕਲਾਂ, 800 ਮੀਟਰ ਵਿੱਚ ਵਿਦਿਆਰਥੀ ਰਾਜਕੁਮਾਰ ਐਸਓਈ ਲਹਿਰਾਗਾਗਾ, ਹੈਮਰ ਥਰੋਅ ਵਿੱਚ ਜਸਨਪ੍ਰੀਤ ਸਿੰਘ ਪੰਜਾਬ ਪਬਲਕ ਸਕੂਲ ਲਹਿਰਾ ਨੇ ਪ੍ਰਥਮ ਸਥਾਨ ਹਾਸਿਲ ਕੀਤਾ। ਇਸ ਸਮਾਗਮ ਨੂੰ ਸੰਪੰਨ ਕਰਨ ਵਿੱਚ ਕਾਲਜ ਸਟਾਫ ਡਾ.ਗੀਟਾ ਰਾਵਤ, ਪ੍ਰੋ. ਸੁਖਜਿੰਦਰ ਕੌਰ, ਪ੍ਰੋ. ਮਨਪ੍ਰੀਤ ਕੌਰ, ਪ੍ਰੋ. ਹਰਦੀਪ ਸਿੰਘ,ਪ੍ਰੋ. ਪੁਸ਼ਪਾ ਦੇਵੀ,ਪ੍ਰੋ. ਕੁਲਵਿੰਦਰ ਸਿੰਘ, ਪ੍ਰੋ. ਮੱਖਣ ਸਿੰਘ, ਪ੍ਰੋ. ਜਗਸੀਰ ਸਿੰਘ, ਪ੍ਰੋ. ਰਵਿੰਦਰ ਕੁਮਾਰ, ਪ੍ਰੋ. ਸ਼ਿਵਮ,ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਜਗਦੀਸ ਸਿੰਘ ਅਤੇ ਕਾਲਜ ਸੁਪਰਡੈਂਟ ਜਸਵਿੰਦਰ ਸਿੰਘ ਜੀ ਨੇ ਭਰਪੂਰ ਸਹਿਯੋਗ ਦਿੱਤਾ ਅਤੇ ਆਏ ਮਹਿਮਾਨਾ ਨੂੰ ਸਨਮਾਨ ਚਿੰਨ੍ਹ ਦੇ ਵਿਦਾ ਕੀਤਾ।

# ਪਿੰਡ ਕੁੱਥਾ ਖੇੜੀ 'ਚ ਵਿਦੇਸ਼ੀ ਫੰਡਿਗ ਮਾਮਲੇ ਨੂੰ ਲੈਕੇ ਐਨ ਆਈ ਏ ਨੇ ਮਾਰੀ ਰੇਡ

## ਅਮ੍ਰਿਤ ਪਾਲ ਨਾਲ ਸਾਡਾ ਕੋਈ ਲੈਣ ਦੇਣ ਨਹੀਂ : ਪਰਿਵਾਰਕ ਮੈਬਰ



**ਆਜ਼ਾਦ ਸੋਚ, ਭਾਗ ਸਿੰਘ ਅੰਟਾਲ, ਅਭਿਸ਼ੇਕ ਸੂਦ, ਘਨੌਰ, 13 ਸਤੰਬਰ :**

ਅੱਜ ਹਲਕਾ ਘਨੌਰ ਦੇ ਪਿੰਡ ਕੁੱਥਾ ਖੇੜੀ ਵਿਖੇ ਵਿਦੇਸ਼ੀ ਫੰਡਿਗ ਮਾਮਲੇ ਨੂੰ ਲੈਕੇ ਤੜਕਸਾਰ ਜਤਿੰਦਰ ਸਿੰਘ ਦੇ ਘਰ ਐਨ ਆਈ ਏ ਦੀ ਟੀਮ ਨੇ ਰੇਡ ਮਾਰੀ।ਇਸ ਰੇਡ ਦੌਰਾਨ ਲੱਗਭਗ 9 ਘੰਟੇ ਐਨ ਆਈ ਏ ਦੀ ਟੀਮ ਨੇ ਘਰ ਦੀ ਤਲਾਸ਼ੀ ਲਈ।ਰੇਡ ਖਤਮ ਹੋਣ ਮਗਰੋਂ ਜਤਿੰਦਰ ਸਿੰਘ ਅਤੇ ਪਰਿਵਾਰਕ ਮੈਂਬਰਾਂ ਨੇ ਜਾਣਕਾਰੀ ਦੇਂਦਿਆਂ ਦੱਸਿਆ ਕੀ ਅੱਜ ਤੜਕੇ ਲਗਭਗ 4 ਵਜੇ ਦੇ ਕਰੀਬ ਇੱਕ ਲੱਗਭਗ ਵੀਹ ਮੈਂਬਰਾਂ ਦੀ ਟੀਮ ਆਈ ਸੀ ਜਿਸਨੇ ਪੂਰੇ ਘਰ ਦੀ ਤਲਾਸ਼ੀ ਲਈ ਅਤੇ ਪਰਿਵਾਰਿਕ ਮੈਂਬਰਾਂ ਤੋਂ ਪੁੱਛਤਾਛ ਕੀਤੀ। ਉਹਨਾਂ ਨੂੰ ਦੱਸਿਆ ਕਿ ਜਾਂਦੇ ਹੋਏ ਟੀਮ ਆਪਣੇ ਨਾਲ ਜਤਿੰਦਰ ਸਿੰਘ ਦੇ ਦੋ ਮੋਬਾਇਲ ਅਤੇ ਦੋ ਕਿਤਾਬਾਂ ਲੈ ਗਈ ਹੈ। ਅੰਮ੍ਰਿਤ ਪਾਲ ਨਾਲ ਉਨਾਂ ਦੇ ਸੰਬੰਧ ਨੂੰ ਲੈ ਕੇ ਜਦੋਂ ਮੀਡੀਆ ਨੇ ਸਵਾਲ ਕੀਤਾ ਤਾਂ ਉਹਨਾਂ ਨੇ ਕਿਹਾ ਕਿ ਸਾਡਾ ਅੰਮ੍ਰਿਤ ਪਾਲ ਨਾਲ ਕੋਈ ਲੈਣਾ ਦੇਣਾ ਨਹੀਂ ਹੈ ਸਾਡਾ ਮੁੰਡਾ ਜਤਿੰਦਰ ਸਿੰਘ ਆਪਣੇ ਘਰ ਵਿੱਚ ਅਖੰਡ ਪਾਠ ਸਾਹਿਬ ਕਰਦਾ ਹੈ ਜਿਸ ਦੀ ਬਾਹਰ ਤੋਂ ਸੰਗਤ ਭੇਟਾ ਦੇ ਰੂਪ ਵਿੱਚ ਸੇਵਾ ਪਾਉਂਦੀ ਹੈ ਹੋਰ ਸਾਡਾ ਕਿਸੇ ਮਾਮਲੇ ਨਾਲ ਕੋਈ ਲੈਣਾ ਦੇਣਾ ਨਹੀਂ।

# 'ਖੇਡਾਂ ਵਤਨ ਪੰਜਾਬ ਦੀਆਂ ਤਹਿਤ ਜ਼ਿਲ੍ਹਾ ਪੱਧਰੀ ਖੇਡਾਂ 23 ਤੋਂ 27 ਸਤੰਬਰ ਤੱਕ : ਜਿਲ੍ਹਾ ਖੇਡ ਅਫਸਰ

**ਆਜ਼ਾਦ ਸੋਚ, ਤੇਜ ਪ੍ਰਕਾਸ਼ ਖਾਸਾ, ਨਵਾਂ ਸ਼ਹਿਰ, 13 ਸਤੰਬਰ :**

'ਖੇਡਾਂ ਵਤਨ ਪੰਜਾਬ ਦੀਆਂ-2024 ਸੀਜ਼ਨ-3' ਦੇ ਤਹਿਤ ਜ਼ਿਲ੍ਹਾ ਪੱਧਰੀ ਖੇਡਾਂ ਮਿਤੀ 23.09.2024 ਤੋਂ 27.09.2024 ਤੱਕ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਸ਼ੁਰੂ ਹੋ ਰਹੀਆਂ ਹਨ ਇਨ੍ਹਾਂ ਦਾ ਉਦਘਾਟਨੀ ਸਮਾਰੋਹ 23.09.2024 ਨੂੰ ਆਈ.ਟੀ.ਆਈ ਗਰਾਊਂਡ ਵਿਖੇ ਕੀਤਾ ਜਾਵੇਗਾ ਇਨ੍ਹਾਂ ਵਿਚ ਉਮਰ ਵਰਗ ਅੰਡਰ-14,17, 21-30,31-40,41-40,51-60,61-70 ਅਤੇ 70 ਤੋਂ ਉੱਪਰ ਉਮਰ ਵਰਗ ਦੇ (ਲੜਕੇ ਲੜਕੀਆਂ) ਵਿਚ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆ ਵੰਦਨਾ ਚੌਹਾਨ ਜ਼ਿਲ੍ਹਾ ਖੇਡ ਅਫਸਰ ਨੇ ਦੱਸਿਆ ਕਿ ਇਨ੍ਹਾਂ ਖੇਡਾਂ ਵਿਚ ਬੈਡਮਿੰਟਨ , ਖੋ-ਖੋ , ਅਥਲੈਟਿਕਸ , ਕਬੱਡੀ (ਨੈਸ਼ਨਲ ਅਤੇ ਸਰਕਲ), ਫੁੱਟਬਾਲ, ਵਾਲੀਬਾਲ (ਸ਼ੂਟਿੰਗ ਅਤੇ ਸਮੈਸ਼ਿੰਗ) ਜੂਡੋ, ਪਾਵਰਲਿਫਟਿੰਗ, ਵੇਟਲਿਫਟਿੰਗ, ਹੈਂਡਬਾਲ, ਗੱਤਕਾ, ਕਿੱਕ ਬਾਕਸਿੰਗ, ਹਾਕੀ, ਰੈਸਲਿੰਗ ਅਤੇ ਚੈੱਸ ਦੇ ਖੇਡ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ ਪਾਵਰ ਲਿਫਟਿੰਗ ਵੇਟਲਿਫਟਿੰਗ ਦੇ ਮੁਕਾਬਲੇ ਪਿੰਡ ਗੁਣਾਚੌਰ ਅਤੇ ਰੈਸਲਿੰਗ ਦੇ ਮੁਕਾਬਲੇ ਪਿੰਡ ਬਾਹੜੋਵਾਲ ਵਿਖੇ 24 ਅਤੇ 25 ਸਤੰਬਰ 2024 ਨੂੰ ਕਰਵਾਏ ਜਾ ਰਹੇ ਹਨ। ਵਾਲ ਹਾਕੀ ਦੇ ਮੁਕਾਬਲੇ ਮਿਤੀ 26 ਅਤੇ 27 ਸਤੰਬਰ 2024 ਨੂੰ ਸੀ.ਸੈ. ਸਕੂਲ ਔੜ ਵਿਖੇ ਕਰਵਾਏ ਜਾਣੇ ਹਨ। ਇਸ ਤੋਂ ਇਲਾਵਾ ਬਾਕੀ ਖੇਡਾਂ ਨਵਾਂਸ਼ਹਿਰ ਵਿਖੇ ਆਈ.ਟੀ.ਆਈ. ਗਰਾਊਂਡ, ਖਾਲਸਾ ਸਕੂਲ ਅਤੇ ਬੈਡਮਿੰਟਨ ਹਾਲ ਨਵਾਂਸ਼ਹਿਰ ਵਿਖੇ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਖੇਤ ਮੁਕਾਬਲਿਆਂ ਵਿਚ ਭਾਗ ਲੈਣ ਲਈ ਪੋਰਟਲ 'ਤੇ ਜਾ ਕੇ ਰਜਿਸਟਰੇਸ਼ਨ ਆਨਲਾਈਨ ਅਤੇ ਆਫਲਾਈਨ ਦੁਆਰਾ ਵੀ ਕੀਤੀ ਜਾ ਸਕਦੀ ਹੈ। ਜ਼ਿਲ੍ਹਾ ਖੇਡ ਅਫਸਰ ਵੰਦਨਾ ਚੌਹਾਨ ਨੇ ਇਹ ਵੀ ਦੱਸਿਆ ਕਿ ਇਸ ਵਾਰ ਰਾਜ ਪੱਧਰੀ ਖੇਡ ਤਾਇਕਵਾਂਡੋ ਵੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਮਿਤੀ 19.10.2024 ਤੋਂ 24.10.2024 ਤੱਕ ਲੈਮਰਿਨ ਟੈਕ ਸਕਿਲ ਯੂਨੀਵਰਸਿਟੀ ਵਿਖੇ ਕਰਵਾਈ ਜਾ ਰਹੀ ਹੈ

# ਰਾਈਸ ਮਿਲਰਜ ਐਸੋਸੀਏਸ਼ਨ ਦੀ ਮੀਟਿੰਗ ਹੋਈ

**ਆਜ਼ਾਦ ਸੋਚ, ਸੰਜੀਵ ਝਨੇੜੀ, ਭਵਾਨੀਗੜ੍ਹ, 13 ਸਤੰਬਰ :**

ਬੀਤੇ ਕੱਲ ਜਿਲਾ ਸੰਗਰੂਰ ਅਤੇ ਮਲੇਰਕੋਟਲਾ ਦੇ ਰਾਈਸ ਮਿਲਰਜ ਐਸੋਸੀਏਸ਼ਨ ਦੀ ਮੀਟਿੰਗ ਹੋਈ। ਮੀਟਿੰਗ ਵਿਚ ਸੰਗਰੂਰ, ਸੁਨਾਮ, ਲਹਿਰਾ, ਦਿੜ੍ਹਬਾ, ਭਵਾਨੀਗੜ੍ਹ, ਮੂਨਕ, ਖਨੌਰੀ, ਧੂਰੀ, ਮਾਲੇਰਕੋਟਲਾ, ਅਮਰਗੜ੍ਹ, ਸ਼ੇਰਪੁਰ, ਅਹਿਮਦਗੜ੍ਹ ਦੇ ਰਾਈਸ ਮਿੱਲਰਜ਼ ਨੇ ਭਾਗ ਲਿਆ। ਮੀਟਿੰਗ ਦੌਰਾਨ ਆਉਣ ਵਾਲੇ ਪੈਡੀ ਸੀਜਨ 2024-25 ਸਬੰਧੀ ਵਿਚਾਰ ਵਟਾਂਦਰਾ ਕਰਨ ਉਪਰੰਤ ਫੈਸਲਾ ਕੀਤਾ ਗਿਆ ਕਿ ਜਦੋਂ ਤੱਕ ਪੰਜਾਬ ਸਰਕਾਰ ਰਾਈਸ ਮਿੱਲਰਜ਼ ਦੀਆਂ ਮੰਗਾਂ ਨਹੀਂ ਪਰਵਾਨ ਕਰਦੀ ਉਦੋਂ ਤੱਕ ਸਰਕਾਰੀ ਝੋਨੇ ਦੀ ਮਿਲਿੰਗ ਦਾ ਬਾਈਕਾਟ ਕੀਤਾ ਜਾਵੇਗਾ।ਪ੍ਰਧਾਨ ਨਰਿੰਦਰ ਗਰਗ ਭਵਾਨੀਗੜ੍ਹ ਨੇ ਦੱਸਿਆ ਕਿ ਮੀਟਿੰਗ ਦੌਰਾਨ ਸਾਰੇ ਮਿੱਲਰਜ਼ ਦੀ ਸਹਿਮਤੀ ਨਾਲ ਇਹ ਵੀ ਫੈਸਲਾ ਕੀਤਾ ਗਿਆ ਕਿ ਕੋਈ ਵੀ ਰਾਈਸ ਮਿੱਲਰ ਸਰਕਾਰੀ ਪੋਰਟਲ 'ਤੇ ਕੋਈ ਵੀ ਡਾਕੂਮੈਂਟ ਅਪਲੋਡ ਨਹੀਂ ਕਰੇਗਾ ਅਤੇ ਨਾ ਹੀ ਸਰਕਾਰ ਨਾਲ ਮਿਲਿੰਗ ਸਬੰਧੀ ਕੋਈ ਐਗਰੀਮੈਂਟ ਕਰੇਗਾ। ਇਸ ਤੋਂ ਇਲਾਵਾ ਇਹ ਵੀ ਫੈਸਲਾ ਕੀਤਾ ਗਿਆ ਕਿ ਸਰਕਾਰੀ ਜ਼ੀਰੀ ਭਰਨ ਲਈ ਕੋਈ ਵੀ ਬਾਰਦਾਨਾ ਨਹੀਂ ਦਿੱਤਾ ਜਾਵੇਗਾ। ਮੰਗਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਨਰਿੰਦਰ ਗਰਗ ਨੇ ਦੱਸਿਆ ਕਿ ਸਾਡੀਆਂ ਮੁੱਖ ਮੰਗਾਂ ਜਿਸ ਵਿਚ ਚਾਵਲਾਂ ਲਈ ਐਫ.ਸੀ.ਆਈ ਕੋਲ ਜਗ੍ਹਾ ਦਾ ਪ੍ਰਬੰਧ ਕਰਨਾ ਅਤੇ ਹਾਈਬ੍ਰੇਡ ਪੈਡੀ ਦਾ ਮਿਲਿੰਗ ਟ੍ਰਾਇਲ ਕਰਕੇ ਉਸ ਵਿਚੋਂ ਨਿਕਲਦੀ ਆਊਟ ਟਰਨ ਕਸ (ਯੀਲਡ) 62 ਫੀਸਦ ਕਰਨਾ, ਡ੍ਰਾਈਜ਼ 2 ਫੀਸਦ ਬਹਾਲ ਕਰਨਾ ਅਤੇ ਮਿਲਿੰਗ ਚਾਰਜ ਘੱਟੋ ਘੱਟ 60 ਰੁਪਏ ਕੁਇੰਟਲ ਫਿਕਸ ਕਰਨਾ ਸ਼ਾਮਲ ਹਨ। ਇਸ ਮੀਟਿੰਗ ਵਿਚ ਸੰਗਰੂਰ ਤੋਂ ਵਰਿੰਦਰਪਾਲ ਟੀਟੂ, ਕਮਲ ਮਿੱਤਲ, ਰਾਜ ਗੋਇਲ ਅਤੇ ਸੁਨਾਮ ਤੋਂ ਸੰਜੀਵ ਕਾਂਸਲ ਪੌਪੀ, ਸੁਰਜੀਤ ਸਿੰਘ ਢਿਲੋਂ, ਰਾਜੇਸ਼ ਗਾਂਧੀ, ਦਿੜ੍ਹਬਾ ਤੋਂ ਰਿਸ਼ੀ ਪਾਲ ਗੋਇਲ, ਧੂਰੀ ਤੋਂ ਸੁਰੇਸ਼ ਜਿੰਦਲ, ਵਿਜੇ ਬਾਂਸਲ, ਮਾਲੇਰਕੋਟਲਾ ਤੋਂ ਸੁਰਿੰਦਰਪਾਲ ਲਾਲੀ, ਅਮਰਗੜ੍ਹ ਤੋਂ ਪਰਮਜੀਤ ਸਿੰਘ, ਸ਼ੇਰਪੁਰ ਤੋਂ ਰਾਕੇਸ਼ ਭੋਲਾ, ਰਾਕੇਸ਼ ਗੋਇਲ, ਅਹਿਮਦਗੜ੍ਹ ਤੋਂ ਰਾਜੀਵ ਸਿੰਗਲਾ, ਰੋਮੀ ਢੰਡ, ਭਵਾਨੀਗੜ੍ਹ ਤੋਂ ਬੌਬੀ ਬਾਂਸਲ, ਮੁਨੀਸ਼ ਸਿੰਗਲਾ, ਨਰੇਸ਼ ਗੋਇਲ, ਮੁਨੀਸ਼ ਢੰਡ, ਸਤੀਸ਼ ਗਰਗ ਆਦਿ ਹਾਜਰ ਸਨ।






# ਅਰਵਿੰਦ ਕੇਜਰੀਵਾਲ ਨੂੰ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲਣਾ ਸੱਚਾਈ ਦੀ ਜਿੱਤ: ਵਿਧਾਇਕ ਕਟਾਰੀਆ

**ਆਜ਼ਾਦ ਸੋਚ, ਤੇਜ ਪ੍ਰਕਾਸ਼ ਖਾਸਾ, ਬਲਾਚੌਰ,13 ਸਤੰਬਰ :**



ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਮੁੱਖ ਮੰਤਰੀ ਦਿੱਲੀ ਨੂੰ ਮਾਣਯੋਗ ਸੁਪਰੀਮ ਕੋਰਟ ਵੱਲੋਂ ਅੱਜ ਜ਼ਮਾਨਤ ਮਿਲਣ ਤੇ ਹਲ਼ਕਾ ਬਲਾਚੌਰ ਦੇ ਵਲੰਟੀਅਰ ਨੇ ਮਾਣਯੋਗ ਸੁਪਰੀਮ ਕੋਰਟ ਦਾ ਬਹੁਤ ਹੀ ਉਤਸ਼ਾਹ ਨਾਲ ਧੰਨਵਾਦ ਕੀਤਾ।ਦਿੱਲੀ ਦੇ ਕਥਿਤ ਸ਼ਰਾਬ ਘੋਟਾਲੇ ਦੇ ਝੂਠੇ ਦੋਸ਼ ਲਗਾ ਕੇ ਮੋਦੀ ਸਰਕਾਰ ਦੇ ਹੱਥਠੋਕੇ ਈਡੀ ਨੇ 21 ਮਾਰਚ ਨੂੰ ਕੇਜਰੀਵਾਲ ਨੂੰ ਗ੍ਰਿਫਤਾਰ ਕੀਤਾ ਸੀ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਬੀਬੀ ਸੰਤੋਸ਼ ਕਟਾਰੀਆ ਵਿਧਾਇਕ ਹਲਕਾ ਬਲਾਚੌਰ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੂੰ ਈਡੀ ਦੇ ਕੇਸ ਚੋਂ ਪਹਿਲਾਂ ਹੀ ਜ਼ਮਾਨਤ ਮਿਲ ਚੁੱਕੀ ਹੈ। ਉਹਨਾਂ ਕਿਹਾ ਕਿ ਮਾਣਯੋਗ ਸੁਪਰੀਮ ਕੋਰਟ ਨੇ ਹੁਣ ਉਹਨਾਂ ਨੂੰ ਸੀਬੀਆਈ ਕੇਸ ਵਿੱਚੋਂ ਵੀ ਜ਼ਮਾਨਤ ਦੇ ਦਿੱਤੀ ਹੈ। ਸੰਤੋਸ਼ ਕਟਾਰੀਆ ਨੇ ਕਿਹਾ ਕਿ ਇਸ ਜ਼ਮਾਨਤ ਦਾ ਮਿਲਣਾ ਤਾਨਾਸ਼ਾਹੀ ਮੋਦੀ ਸਰਕਾਰ ਦੇ ਮੂੰਹ ਤੇ ਕਰਾਰਾ ਤਮਾਚਾ ਹੈ।ਇਸ ਦੀ ਜਾਣਕਾਰੀ ਮੀਡੀਆ ਨੂੰ ਦਿੰਦੇ ਹੋਏ ਸੰਤੋਸ਼ ਕਟਾਰੀਆ ਨੇ ਕਿਹਾ ਕਿ ਸੱਚਾਈ ਦੀ ਤਾਕਤ ਨਾਲ ਤਾਨਾਸ਼ਾਹੀ ਦੀ ਜੇਲ੍ਹ ਦੇ ਜੰਦਰੇ ਟੁੱਟੇ ਹਨ।

# ਵਿਧਾਇਕ ਸੇਖੋਂ ਅਤੇ ਡਿਪਟੀ ਕਮਿਸ਼ਨਰ ਵੱਲੋਂ ਸਮਾਗਮ ਦੀਆਂ ਤਿਆਰੀਆਂ ਸਬੰਧੀ ਰੀਵਿਊ ਮੀਟਿੰਗ

**ਆਜ਼ਾਦ ਸੋਚ, ਗੁਲਜ਼ਾਰ ਮਦੀਨਾ, ਸਾਦਿਕ, 13 ਸਤੰਬਰ :**



ਬਾਬਾ ਸ਼ੇਖ ਫ਼ਰੀਦ ਆਗਮਨ ਪੁਰਬ 2024 ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਵਿਧਾਇਕ ਫ਼ਰੀਦਕੋਟ ਸ. ਗੁਰਦਿੱਤ ਸਿੰਘ ਸੇਖੋਂ ਅਤੇ ਡਿਪਟੀ ਕਮਿਸ਼ਨਰ ਕਮ ਚੇਅਰਮੈਨ ਜ਼ਿਲ੍ਹਾ ਸੱਭਿਆਚਾਰਕ ਸੁਸਾਇਟੀ ਸ੍ਰੀ ਵਿਨੀਤ ਕੁਮਾਰ ਨੇ ਆਗਮਨ ਪੁਰਬ ਦੇ ਸਬੰਧ ਵਿੱਚ ਗਠਿਤ ਵੱਖ-ਵੱਖ ਕਮੇਟੀਆਂ ਦੇ ਇੰਚਾਰਜਾਂ ਅਤੇ ਮੈਂਬਰਾਂ ਨਾਲ ਰੀਵਿਊ ਮੀਟਿੰਗ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਕਲਚਰਲ ਕਮੇਟੀ, ਕੰਪੀਟੀਸ਼ਨ ਕਮੇਟੀ ਅਤੇ ਪਬਲੀਸਿਟੀ ਕਮੇਟੀ ਦੇ ਕੰਮਾਂ ਦਾ ਵਿਸ਼ੇਸ਼ ਤੌਰ ਤੇ ਜਾਇਜ਼ਾ ਲਿਆ। ਉਨ੍ਹਾਂ ਕਮੇਟੀਆਂ ਦੇ ਇੰਚਾਰਜਾਂ ਅਤੇ ਮੈਂਬਰਾਂ ਨੂੰ ਆਪਣੀ-ਆਪਣੀ ਡਿਊਟੀ ਜ਼ਿੰਮੇਵਾਰੀ ਨੂੰ ਲਗਨ ਅਤੇ ਮਿਹਨਤ ਨਾਲ ਨਿਭਾਉਣ ਤਾਂ ਜੋ ਮੇਲੇ ਦੌਰਾਨ ਕਿਸੇ ਤਰ੍ਹਾਂ ਦੇ ਪ੍ਰਬੰਧਾਂ ਵਿੱਚ ਕਮੀ ਨਾ ਰਹਿ ਜਾਵੇ। ਉਨ੍ਹਾਂ ਵੈਨਿਊ ਕਮੇਟੀ, ਸਟੇਜ ਕਮੇਟੀ, ਸਪੋਰਟਸ ਕਮੇਟੀ ਅਤੇ ਧਾਰਮਿਕ ਸਮਾਗਮਾਂ ਸੰਬੰਧੀ ਕਮੇਟੀ ਨਾਲ ਸਬੰਧਤ ਵੱਖ-ਵੱਖ ਕਮੇਟੀਆਂ ਦੇ ਇੰਚਾਰਜਾਂ ਤੇ ਮੈਂਬਰਾਂ ਤੋਂ ਤਿਆਰੀਆਂ ਸਬੰਧੀ ਜਾਣਕਾਰੀ ਲਈ। ਉਨ੍ਹਾਂ ਵੱਲੋਂ ਆਗਮਨ ਪੁਰਬ ਸਬੰਧੀ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ। ਵਿਧਾਇਕ ਸੇਖੋਂ ਅਤੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਾਬਾ ਫ਼ਰੀਦ ਆਗਮਨ ਪੁਰਬ ਤੇ ਹੋਣ ਵਾਲਾ ਸਮਾਗਮ 19 ਤੋਂ 23 ਸਤੰਬਰ ਤਕ ਕਰਵਾਇਆ ਜਾਵੇਗਾ। ਜਦੋਂ ਕਿ ਕਰਾਫ਼ਟ ਮੇਲਾ 19 ਸਤੰਬਰ ਤੋਂ 29 ਸਤੰਬਰ ਤੱਕ ਦਾਣਾ ਮੰਡੀ ਫ਼ਿਰੋਜ਼ਪੁਰ ਰੋਡ ਫ਼ਰੀਦਕੋਟ ਵਿਖੇ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਵਾਰ ਮੇਲਾ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਉਨ੍ਹਾਂ ਬਾਬਾ ਫ਼ਰੀਦ ਆਗਮਨ ਪੁਰਬ ਤੇ ਹੋਣ ਵਾਲੇ ਸਮਾਗਮਾਂ ਦਾ ਵੇਰਵਾ ਦਿੰਦੇ ਦੱਸਿਆ ਕਿ ਮਿਤੀ 19 ਸਤੰਬਰ ਨੂੰ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਅਰਦਾਸ, ਪੁਸਤਕ ਮੇਲਾ, ਖੇਡ ਮੇਲਾ, ਸੱਭਿਆਚਾਰਕ ਪ੍ਰੋਗਰਾਮ ਰਾਣੀ ਰਣਦੀਪ, 20 ਸਤੰਬਰ ਨੂੰ ਹੁਨਰ ਹਾਟ, ਕਵੀ ਦਰਬਾਰ, ਫੋਟੋਗ੍ਰਾਫੀ, ਪੇਂਟਿੰਗ ਪ੍ਰਦਰਸ਼ਨੀ ਅਤੇ ਬਾਬਾ ਸ਼ੇਖ ਫ਼ਰੀਦ ਡਰਾਮਾ ਫੈਸਟੀਵਲ, ਇੱਕ ਸ਼ਾਮ ਮੁਹੰਮਦ ਰਫ਼ੀ ਦੇ ਨਾਮ ਰਾਜੇਸ਼ ਅਨਵਰ, 21 ਸਤੰਬਰ ਨੂੰ ਵਿਰਾਸਤੀ ਕਾਫਲਾ, ਕੈਲੀਗ੍ਰਾਫੀ ਪ੍ਰਤੀਯੋਗਤਾ, ਤਰਕਸ਼ੀਲ ਨਾਟਕ ਮੇਲਾ, 21 ਸਤੰਬਰ ਸ਼ਾਮ ਨੂੰ 6 ਵਜੇ ਗਾਇਕ ਗਗਨ ਸਾਦਿਕ ਆਪਣੀ ਖ਼ੂਬਸੂਰਤ ਗਾਇਕੀ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨਗੇ, ਕੌਮੀ ਲੋਕ ਨਾਚ, ਸੂਫ਼ੀਆਨਾ ਸ਼ਾਮ, 22 ਸਤੰਬਰ ਨੂੰ ਕੌਮੀ ਲੋਕ ਨਾਚ, ਕਵਾਲੀ ਪ੍ਰੋਗਰਾਮ ਅਤੇ ਸ਼ਾਮ ਨੂੰ ਸਟਾਰ ਨਾਈਟ ਕੰਵਰ ਗਰੇਵਾਲ, 23 ਸਤੰਬਰ ਨੂੰ ਨਗਰ ਕੀਰਤਨ, ਇਨਾਮ ਵੰਡ ਸਮਾਰੋਹ, ਕੌਮੀ ਲੋਕ ਨਾਚ ਹੋਵੇਗਾ। ਉਨ੍ਹਾਂ ਕਿਹਾ ਕਿ ਮੇਲੇ ਦੌਰਾਨ ਵਿਰਾਸਤੀ ਪ੍ਰਦਰਸ਼ਨੀ ਤੋਂ ਇਲਾਵਾ ਕਰਾਫਟ ਮੇਲਾ ਜੋ ਕਿ 29 ਸਤੰਬਰ ਤੱਕ ਚੱਲੇਗਾ ਵੀ ਵਿਸ਼ੇਸ਼ ਖਿੱਚ ਦਾ ਕੇਂਦਰ ਹੋਵੇਗਾ। ਇਸ ਮੌਕੇ ਐਸ.ਐਸ.ਪੀ. ਡਾ. ਪ੍ਰਗਿਆ ਜੈਨ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ੍ਰੀ ਲਖਵਿੰਦਰ ਸਿੰਘ ਰੰਧਾਵਾ, ਐਸ.ਡੀ.ਐਮ. ਫ਼ਰੀਦਕੋਟ. ਕੋਟਕਪੂਰਾ ਮੈਡਮ ਵੀਰਪਾਲ ਕੌਰ, ਐਸ.ਡੀ.ਐਮ. ਜੈਤੋ ਪਰਲੀਨ ਕੌਰ ਬਰਾੜ, ਜ਼ਿਲ੍ਹਾ ਮਾਲ ਅਫ਼ਸਰ ਲਵਪ੍ਰੀਤ ਕੌਰ, ਸ੍ਰੀ ਮਨਦੀਪ ਮੌਂਗਾ ਸੈਕਟਰੀ ਰੈਡ ਕਰਾਸ, ਜ਼ਿਲ੍ਹਾ ਭਾਸ਼ਾ ਅਫ਼ਸਰ ਸ੍ਰੀ ਮਨਜੀਤ ਪੁਰੀ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

# ਗਾਇਕ ਸੁਖਬੀਰ ਸ਼ਿਆਮ ਲਾਡਲਾ ਦੇ ਨਵੇਂ ਗੀਤ ਦਾ ਪੋਸਟਰ ਰਿਲੀਜ਼ ਕੀਤਾ



**ਆਜ਼ਾਦ ਸੋਚ, ਵਰਮਾ, ਧੂਰੀ, 13 ਸਤੰਬਰ :**

ਗਾਇਕ ਸੁਖਬੀਰ ਸ਼ਿਆਮ ਲਾਡਲਾ ਦਾ ਨਵਾਂ ਭਜਨ ਮੇਰਾ ਕਾਮ ਬਣਾਇਆ ਬਾਬਾ ਨੇ ਬਾਲਾਜੀ ਮੰਦਰ ਧੂਰੀ ਸ਼ਹਿਰ ਵਿੱਚ ਪ੍ਰਧਾਨ ਸ਼ਿਵ ਕੁਮਾਰ ਅਤੇ ਸਾਰੇ ਮੈਂਬਰਾਂ ਵੱਲੋਂ ਪੋਸਟਰ ਰਿਲੀਜ਼ ਕੀਤਾ ਗਿਆ। ਗਾਇਕ ਸ਼ਆਮ ਲਾਡਲਾ ਵੱਲੋਂ ਵੀ ਪਹਿਲਾਂ ਕਈ ਕੈਸਟਾਂ ਅਤੇ ਸੁਪਰ ਹਿਟ ਭਜਨ ਗਾਏ ਹਨ ਜੋ ਕਿ ਭਗਤਾਂ ਦੇ ਮਨਾਂ ਵਿੱਚ ਗੂੰਜੇ। ਇਸ ਮੌਕੇ ਗਾਇਕ ਲਾਡਲਾ ਨੇ ਕਿਹਾ ਮੈਨੂੰ ਬੜਾ ਆਨੰਦ ਆਉਂਦਾ ਹੈ ਧਾਰਮਿਕ ਭਜਨ ਗਾ ਕੇ ਮੈਂ ਬਾਲਾ ਜੀ ਦੇ ਚਰਨਾਂ ਵਿੱਚ ਇਹੀ ਬੇਨਤੀ ਕਰਦਾ ਹਾਂ ਕਿ ਮੇਰੀ ਇਹ ਡਿਊਟੀ ਇਦਾਂ ਹੀ ਬਰਕਰਾਰ ਰੱਖਣ।

# ਨਸ਼ੇ ਤੇ ਚੋਰੀਆਂ ਤੋਂ ਅੱਕੇ ਲੋਕਾਂ ਨੇ ਲੌਂਗੋਵਾਲ ਦੇ ਥਾਣੇ ਅੱਗੇ ਦਿੱਤਾ ਧਰਨਾ

**ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ,13 ਸਤੰਬਰ :**



ਪਿਛਲੇ ਸਮੇਂ ਤੋਂ ਲੌਂਗੋਵਾਲ ਦੇ ਇਲਾਕੇ ਵਿੱਚ ਲਗਾਤਾਰ ਵਾਪਰ ਰਹੀਆਂ ਚੋਰੀ ਦੀਆਂ ਘਟਨਾਵਾਂ ਅਤੇ ਵੱਧ ਰਹੇ ਨਸ਼ੇ ਦੇ ਖਿਲਾਫ਼ ਪਿਛਲੇ ਕਈ ਦਿਨਾਂ ਤੋਂ ਇਲਾਕੇ ਵਿੱਚ ਮੁਹਿੰਮ ਚੱਲ ਰਹੀ ਸੀ ਪੁਲਿਸ ਵੱਲੋਂ ਜਦੋਂ ਕੋਈ ਠੋਸ ਕਾਰਵਾਈ ਨਾ ਕੀਤੀ ਗਈ ਤਾਂ ਅੱਜ ਲੋਕਾਂ ਨੇ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਸਥਾਨਕ ਗੁਗਾ ਮਾੜੀ ਤੋਂ ਇਕੱਠੇ ਹੋ ਕੇ ਬਾਜ਼ਾਰ ਵਿੱਚੋਂ ਦੀ ਰੋਸ ਮਾਰਚ ਕਰਦੇ ਹੋਏ ਥਾਣਾ ਲੌਂਗੋਵਾਲ ਅੱਗੇ ਮੋਰਚਾ ਲਾਇਆ ਗਿਆ। ਸ਼ਾਮ 3 ਵਜੇ ਤੱਕ ਮੋਰਚਾ ਚੱਲਿਆ । ਇਸ ਸਮੇਂ ਪਹੁੰਚੇ ਡੀਐਸਪੀ ਸੁਨਾਮ ਹਰਵਿੰਦਰ ਸਿੰਘ ਖਹਿਰਾ ਵੱਲੋਂ ਦੋ ਚੋਰੀਆਂ ਦੇ ਮਾਮਲੇ ਹੱਲ ਕਰਨ ਲਈ ਪੰਜ ਦਿਨ ਦਾ ਸਮਾਂ ਮੰਗਿਆ ਗਿਆ ਅਤੇ ਉਹਨਾਂ ਦੇ ਭਰੋਸੇ ਤੇ ਮੋਰਚਾ ਸਮਾਪਤ ਕੀਤਾ ਗਿਆ। ਇਸ ਮੋਰਚੇ ਦੀ ਅਗਵਾਈ ਕਿਰਤੀ ਕਿਸਾਨ ਯੂਨੀਅਨ,ਬੀਕੇਯੂ ਡਕੌਂਦਾ ਬੁਰਜ ਗਿੱਲ ਅਤੇ ਬੀਕੇਯੂ ਏਕਤਾ ਆਜ਼ਾਦ ਜਥੇਬੰਦੀਆਂ ਵੱਲੋਂ ਕੀਤੀ ਗਈ ਤੇ ਇਲਾਕੇ ਦੇ ਲੋਕਾਂ ਦਾ ਵੱਡਾ ਸਹਿਯੋਗ ਹੈ। ਜ਼ਿਕਰਯੋਗ ਹੈ ਕਿ ਲੌਂਗੋਵਾਲ ਇਲਾਕੇ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਚੋਰਾਂ ਵੱਲੋਂ ਦਹਿਸ਼ਤ ਮਚਾਈ ਹੋਈ ਹੈ ਜਿੱਥੇ ਕਿਸਾਨਾਂ ਦੀਆਂ ਮੋਟਰਾਂ ਤੋਂ ਦੋ ਦੋ ਵਾਰੀ ਕੇਬਲਾਂ ਵੱਢੀਆਂ ਗਈਆਂ ਹਨ ਉੱਥੇ ਹੀ ਕਈ ਦੁਕਾਨਾਂ ਦੇ ਵੀ ਸ਼ਟਰ ਤੋੜ ਕੇ ਚੋਰੀਆਂ ਹੋਈਆਂ ਹਨ ਅਤੇ ਘਰਾਂ ਵਿੱਚੋਂ ਸਿਲੰਡਰ ਚੁੱਕੇ ਜਾਣਾ ਆਮ ਗੱਲ ਹੋ ਗਈ ਹੈ ਤੇ ਲੌਂਗੋਵਾਲ ਦੇ ਹਰ ਇੱਕ ਮੋੜ ਤੇ ਸ਼ਰੇਆਮ ਨਸ਼ਾ ਵਿਕ ਰਿਹਾ ਹੈ ਜਿਸ ਦਾ ਇਲਾਕੇ ਵਿੱਚ ਭਾਰੀ ਰੋਸ਼ ਸੀ ਅਤੇ ਪੁਲਿਸ ਪ੍ਰਸ਼ਾਸਨ ਨੇ ਕੋਈ ਠੋਸ ਕਾਰਵਾਈ ਨਹੀਂ ਕੀਤੀ ਸੀ। ਜਿਸ ਖਿਲਾਫ ਇਲਾਕੇ ਦੇ ਲੋਕਾਂ ਨੇ ਲਾਮਬੰਦ ਹੋ ਕੇ ਅੱਜ ਇਹ ਮੋਰਚਾ ਲਾਇਆ ਤੇ ਮੰਗ ਕੀਤੀ ਕਿ ਫੌਰੀ ਇਹਨਾਂ ਚੋਰੀਆਂ ਅਤੇ ਨਸ਼ੇ ਦੀ ਵਿਕਰੀ ਨੂੰ ਠੱਲ ਪਾਇਆ ਜਾਵੇ, ਇਲਾਕੇ ਵਿੱਚ ਚਲਦੇ ਗੈਰ ਲਾਇਸੰਸਸੁਦਾ ਕਬਾੜਖਾਨਿਆਂ ਨੂੰ ਬੰਦ ਕੀਤਾ ਜਾਵੇ, ਲੌਂਗੋਵਾਲ ਥਾਣੇ ਦੀ ਪੁਲਿਸ ਨੂੰ ਵੀਆਈਪੀ ਡਿਊਟੀਆਂ ਵਿੱਚ ਲਾਉਣਾ ਬੰਦ ਕੀਤਾ ਜਾਵੇ ਤੇ ਲੋਕਾਂ ਦੀ ਜਾਨ ਮਾਲ ਦੀ ਰਾਖੀ ਦੇ ਕੰਮ ਲਾਇਆ ਜਾਵੇ। ਇਸ ਰੋਸ਼ ਧਰਨੇ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਜੇਕਰ ਇਹਨਾਂ ਮਸਲਿਆਂ ਦਾ ਹੱਲ ਨਹੀਂ ਹੋਇਆ ਤਾਂ ਇਹ ਮੋਰਚਾ ਲੰਮਾ ਚੱਲੇਗਾ ।ਮੋਰਚੇ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ, ਬਲਾਕ ਪ੍ਰਧਾਨ ਕਰਮਜੀਤ ਸਿੰਘ ਸਤੀਪੁਰਾ,ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ,ਬੀਕੇਯੂ ਏਕਤਾ ਡਕੌਂਦਾ ਦੇ ਆਗੂ ਦਰਬਾਰਾ ਸਿੰਘ, ਭੋਲਾ ਸਿੰਘ, ਕਾਲਾ ਸਿੰਘ, ਬੀਕੇਯੂ ਏਕਤਾ ਆਜ਼ਾਦ ਦੇ ਜ਼ਿਲ੍ਹਾ ਆਗੂ ਹੈਪੀ ਨਮੋਲ, ਇਕਾਈ ਪ੍ਰਧਾਨ ਬਲਜਿੰਦਰ ਸਿੰਘ ,ਕਰਨੈਲ ਸਿੰਘ ਜੱਸੇਕਾ, ਨਸ਼ਾ ਵਿਰੋਧੀ ਐਕਸ਼ਨ ਕਮੇਟੀ ਦੇ ਆਗੂ ਪ੍ਰਿਥੀ ਸਿੰਘ ਲੌਂਗੋਵਾਲ,ਕਾਮਰੇਡ ਸਤਪਾਲ ਸਿੰਘ, ਵਪਾਰ ਮੰਡਲ ਲੌਂਗੋਵਾਲ ਦੇ ਪ੍ਰਧਾਨ ਅੰਮ੍ਰਿਤ ਲਾਲ ਸਿੰਗਲਾ, ਮੰਗੂ ਰਾਮ, ਕਾਂਗਰਸ ਦੇ ਸੀਨੀਅਰ ਆਗੂ ਬੁੱਧ ਰਾਮ ਗਰਗ, ਹਰਦੇਵ ਸਿੰਘ ਦੁੱਲਟ, ਰਾਣੀ ਕੌਰ, ਇਸਤਰੀ ਆਗੂ ਜਸਵੀਰ ਕੌਰ, ਰਵਿੰਦਰ ਸਿੰਘ ਤਕੀਪੁਰ ਨੇ ਵੀ ਸੰਬੋਧਨ ਕੀਤਾ। ਡੀਐਸਪੀ ਦੇ ਭਰੋਸੇ ਤੋਂ ਬਾਅਦ ਨਾਅਰਿਆਂ ਦੀ ਗੂੰਜ ਨਾਲ ਮੋਰਚਾ ਸਮਾਪਤ ਕੀਤਾ ਗਿਆ।

# ਪੰਜਾਬ ਬਿਜਲੀ ਬੋਰਡ ਦੇ ਮੁਲਾਜ਼ਮਾਂ ਨੇ ਕੀਤਾ ਧਾਰ ਬਲਾਕ ਵਿੱਚ ਰੋਸ਼ ਪ੍ਰਦਰਸ਼ਨ

**ਆਜ਼ਾਦ ਸੋਚ, ਅਨਿਲ ਰਾਣਾ, ਧਾਰ ਕਲਾਂ, 13 ਸਤੰਬਰ :**

ਪੰਜਾਬ ਬਿਜਲੀ ਬੋਰਡ ਸਕੂਲੀਮ ਅਮਿਤ ਕੁਮਾਰ ਪ੍ਰਧਾਨ ਨੇ ਆਪਣੇ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਪ੍ਰਦਰਸ਼ਨ ਵਿੱਚ ਪੰਜਾਬ ਸਰਕਾਰ ਅਤੇ ਸਬੰਧਤ ਵਿਭਾਗ ਵੱਲੋਂ ਅਮਲੀਜਾਮਾ ਪਹਿਨਣ ਦਾ ਸੱਦਾ ਦਿੱਤਾ ਗਿਆ। ਬਿਜਲੀ ਬੋਰਡ ਦੀ ਸਪਲਾਈ ਕਰਨ ਦੀ ਪ੍ਰਮੁੱਖ ਮੰਗ ਡਿਊਟੀ ਕਰਨ ਦੀ ਸਮੇਂ ਵਿੱਚ ਆਪਣੀ ਜਾਨ ਗਵਾਨ 'ਤੇ ਪੰਜਾਬ ਸਰਕਾਰ ਨੂੰ ਦੇਸ਼ ਦੀ ਸ਼ਹੀਦ ਦਾ ਦਰਜਾ, ਇੱਕ ਕਰੋੜ ਰੁਪਏ ਦੀ ਆਰਥਿਕ ਸਹਾਇਤਾ ਰਾਸ਼ੀ ਦੀ ਮੰਗ ਕੀਤੀ, ਬਿਜਲੀ ਬੋਰਡ ਦੀ ਕਾਰਜਸ਼ੀਲਤਾ 'ਤੇ ਪਕੀ ਭਰਤੀ ਦੀ ਆਧਾਰ ਦੇ 200 ਪੁਸ਼ਤ ਪਨਾਲੀ ਕਟੌਤੀ ਨੂੰ ਬੰਦ ਕੀਤਾ ਗਿਆ ਹੈ, ਬੱਚੇ ਨੂੰ ਜਿੰਮਾਂ ਦੀ ਪੁਸ਼ਟੀ ਨੂੰ ਪੂਰਾ ਕਰਨ ਲਈ ਕਿਹਾ ਗਿਆ ਹੈ। ਇਸ ਮੌਕੇ ਪਰ ਜੇ.ਈ ਅਮਿਤ ਕੁਮਾਰ , ਜੇ.ਈ ਰਾਜੇਸ਼ਵਰ ਸਿੰਘ , ਜੇ.ਈ ਰਮੇਸ਼ ਕੁਮਾਰ ਲੈਨ ਮੈਨ ਰਵੀ ਕੁਮਾਰ, ਲੈਨ ਮੈਨ ਸੰਜੀਵ ਕੁਮਾਰ , ਲੈਨ ਮੈਨ ਸੁਰੇਸ਼ ਸਿੰਘ, ਲੈਨ ਮੈਨ ਜਗਦੀਸ਼ ਕੁਮਾਰ ,ਹਰੀਸ਼ ਸੈਨੀ ,ਪ੍ਰੇਮੀ ਸਿੰਘ, ਮਨੀਸ਼ ਕਲਰਕ ,ਸੰਜੀਵ ਕੁਮਾਰ ਵਿਸ਼ਾਲ ਸਿੰਘ, ਬਲਵੀਰ ਸਿੰਘ, ਸੁਨੀਲ ਕੁਮਾਰ, ਰਮਨ ਸਿੰਘ, ਤੇਜਿੰਦਰ ਰਮਨ ਸੈਨੀ ਜਦਕਿ ਹੋਰ ਸਾਰੇ ਕਰਮਚਾਰੀ ਮੌਜੂਦ ਹਨ ।



# ਬਿਜਲੀ ਕਾਮਿਆਂ ਵੱਲੋਂ ਆਪਣੀਆਂ ਮੰਗਾਂ ਸਬੰਧੀ ਰੋਸ ਪ੍ਰਦਰਸ਼ਨ

**ਆਜ਼ਾਦ ਸੋਚ, ਵਿਰੇਂਦਰਪਾਲ ਮੰਤਰੋ, ਜੋਗਾ, 13 ਸਤੰਬਰ :**



ਸਥਾਨਕ ਉਪ ਮੰਡਲ ਜੋਗਾ ਜੇ ਗੇਟ ਅੱਗੇ ਜੁਆਇਟ ਫੋਰਮ ਅਤੇ ਏਕਤਾ ਮੰਚ ਦੇ ਸਾਥੀਆਂ ਦੁਆਰਾ ਮਾਕਿਮੇ ਅਤੇ ਸਰਕਾਰ ਦਾ ਵਿਰੋਧ ਦਰਸਾਉਣ ਲਈ -ਮੀਟਿੰਗ ਅਤੇ ਰੋਸ ਕੀਤਾ। ਜਿਸ ਵਿਚੋਂ ਪਹਿਲਾਂ ਸਾਮਲ ਸਾਥੀਆਂ ਦੇ ਨਾਲ ਨਾਲ ਹੋਰ ਸਾਥੀਆਂ ਨੇ ਵੀ ਸਮੂਲੀਅਤ ਕੀਤੀ।ਰਿਟਾਇਰ ਸਾਥੀ ਕਰਮ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਹਿਲਾਂ ਦੋ ਦੋ ਸਾਲ ਆਈ ਟੀ ਆਈ 'ਚ ਕੋਰਸ ਕਰਕੇ ਭਰਤੀ ਹੁੰਦੇ ਹਨ ਪਹਿਲਾਂ ਵੀ ਕੋਰਸ ਕੀਤੇ ਹੋਇਆ ਮੁਲਾਜ਼ਮਾ ਨੂੰ ਮਹਿਕਮਾ ਲਾਈਨਮੈਨ ਜਾਂ ਸਹਾਇਕ ਲਾਈਨਮੈਨ ਭਰਤੀ ਕਰਦਾ ਸੀ ਤੇ ਹੁਣ ਦੋ ਦੋ ਸਲ ਦਾ ਕੋਰਸ ਕਰਕੇ ਭਰਤੀ ਹੁੰਦੇ ਹਨ ਤੇ ਉਹਨਾਂ ਦੀ ਕੈਈ ਸਾਲ ਦੀ ਸਰਵਿਸ ਹੋਣ ਤੋਂ ਵੀ ਉਹਨਾਂ ਨੂੰ ਪੱਕਾ ਨਹੀਂ ਕੀਤਾ ਜਾਂਦਾ ਜਿਸ ਕਰਕੇ ਰੋਸ ਵਜੋਂ ਬਿਜਲੀ ਕਾਮਿਆਂ ਵੱਲੋਂ 12 ਸਤੰਬਰ ਤੱਕ ਹੜਤਾਲ ਸੀ ਸਮੇਂ ਚ ਹੋਰ ਵਾਧਾ ਕਰਦੇ ਹੋਏ ਹੁਣ 17 ਸਤੰਬਰ ਤੱਕ ਵਧਾਈ ਗਈ ਹੈ ਤੇ ਉਹਨਾਂ ਕਿਹਾ ਕਿ ਇਨ੍ਹਾਂ ਮੁਲਾਜ਼ਮਾਂ ਨੂੰ ਪੱਕਾ ਰੈਗੂਲਰ ਨਹੀਂ ਕੀਤਾ ਗਿਆ ਇਨ੍ਹਾਂ ਦੀ ਤਨਖਾਹ 'ਚ ਵਾਧਾ ਨਹੀਂ ਕੀਤਾ ਗਿਆ ਇਨ੍ਹਾਂ ਦੀਆਂ ਜਾਇਜ਼ ਮੰਗਾਂ ਤੁਰੰਤ ਮੰਨੀਆਂ ਜਾਣ ਜੇਕਰ ਮਹਿਕਮੇ ਜਾਂ ਪੰਜਾਬ ਸਰਕਾਰ ਨੇ ਇਹਨਾਂ ਵੱਲੋਂ ਧਿਆਨ ਨਹੀਂ ਦਿੱਤਾ ਤਾਂ ਜਥੇਬੰਦੀ 17 ਸਤੰਬਰ ਤੋਂ ਬਾਅਦ ਹੋਰ ਵੀ ਤਿੱਖਾ ਸੰਘਰਸ਼ ਕਰਨ ਲਈ ਮਜਬੂਰ ਹੋਣਗੇ । ਇਸ ਸੰਘਰਸ਼ ਵਿੱਚ ਇੰਜ ਸੁਦਾਗਰ ਸਿੰਘ, ਰਣਜੀਤ ਸਿੰਘ ਲਾਇਨਸੋਲ, ਅਮਰੀਕ ਸਿੰਘ ਕਲੌਰੀਕਲ ਕਾਮਿਆਂ ਵਿੱਚੋਂ ਗੁਰਦੀਪ ਸਿੰਘਆਦਿ ਸਾਥੀਆਂ ਨੇ ਸਮੂਲੀਅਤ ਕਰਕੇ ਇਕੱਠ ਵਿੱਚ ਵਾਧਾ ਕੀਤਾ। ਇਸਦੇ ਨਾਲ ਹੀ ਸੀ ਐਚ ਬੀ ਕਾਮਿਆਂ ਵਜੋਂ ਜਗਤਾਰ ਸਿੰਘ ਮੱਖਣ ਸਿੰਘ ਅਤੇ ਕੁਲਵਿੰਦਰ ਸਿੰਘ ਆਦਿ ਸਾਥੀਆਂ ਨੇ ਸਮੂਲੀਅਤ ਕੀਤੀ ਅਤੇ ਸਾਥੀਆਂ ਦੇ ਇਕੱਠ ਵਿਚ ਵਾਧਾ ਕੀਤਾ। ਇਸ ਇਕੱਟ ਵਿਚੋਂ ਅਵਾਜਨ ਸਾਥੀਆਂ ਕੇ ਨਾਲ ਵਿਕ ਰਿਟਾਇਰੀ ਯੂਨਿਟਾਂ ਦੇ ਸਾਥੀਆਂ ਨੇ ਵੀ ਸ਼ਮੂਲੀਅਤ ਕੀਤੀ ਅਤੇ ਮੁਜਾਹਰੇ ਵਿੱਚ ਸਾਥੀਆਂ ਨੂੰ ਸਬੋਧਿਤ ਕੀਤਾ ਅਤੇ ਵਿਚਾਰ ਪੇਸ ਕੀਤੇ। ।ਇਸ ਮੌਕੇ ਕਰਮ ਸਿੰਘ, ਮੁਖਤਿਆਰ ਸਿੰਘ, ਦਰਸ਼ਨ ਸਿੰਘ, ਜਗਰੂਪ ਸਿੰਘ, ਰਾਜਵਿੰਦਰ ਦਾਸ, ਲਵਜੀਤ ਸਿੰਘ ਜੋਗਾ ,ਨਾਹਰ ਸਿੰਘ ,ਅਮਰੀਕ ਸਿੰਘ ਜੋਗਾ, ਅੰਗਰੇਜ ਸਿੰਘ, ਕਰਮ ਸਿੰਘ ਰਿਟਾਇਰ ਸਾਥੀ ਆਦਿ ਹਾਜਰ ਸਨ।

# ਸ਼੍ਰੀ ਅਸ਼ਟਵਿਨਾਇਕ ਗਣੇਸ਼ ਮੰਡਲ ਵਲੋਂ ਮਨਾਏ ਜਾ ਰਹੇ ਸ਼੍ਰੀ ਗਣੇਸ਼ ਉਤਸਵ ਮੌਕੇ ਮੰਤਰੀ ਜੌੜਾਮਾਜਰਾ, ਰੋਟਰੀ ਗਵਰਨਰ ਸਿੰਗਲਾ ਤੇ ਪ੍ਰਧਾਨ ਮਿੱਤਲ ਨੇ ਭਰੀ ਹਾਜ਼ਰੀ

**ਆਜ਼ਾਦ ਸੋਚ**
**ਰਾਜਿੰਦਰ ਫ਼ਤਿਹਪੁਰ/ਸੰਜੇ ਬਾਂਸਲ**
**ਸਮਾਣਾ , 13 ਸਤੰਬਰ**

ਸ੍ਰੀ ਅਸ਼ਟਵਿਨਾਇਕ ਗਣੇਸ਼ ਮੰਡਲ ਸਮਾਣਾ ਵਲੋਂ ਸਥਾਨਕ ਪਾਲਕੀ ਬਜ਼ਾਰ ਵਿਖੇ ਮਨਾਏ ਜਾ ਰਹੇ ਸ੍ਰੀ ਗਣੇਸ਼ ਉਤਸਵ ਦੇ ਛੇਵੇਂ ਦਿਨ ਕੈਬਨਿਟ ਮੰਤਰੀ ਪੰਜਾਬ ਸਰਦਾਰ ਚੇਤਨ ਸਿੰਘ ਜੌੜਾਮਾਜਰਾ, ਰੋਟਰੀ ਕਲੱਬ ਦੇ ਜ਼ਿਲ੍ਹਾ ਗਵਰਨਰ ਸ਼੍ਰੀ ਅਮਿਤ ਸਿੰਗਲਾ ਸੀ ਏ, ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ, ਸੁਨੇਨਾ ਮਿੱਤਲ, ਸਾਬਕਾ ਨਗਰ ਕੌਂਸਲ ਪ੍ਰਧਾਨ ਕਪੂਰ ਚੰਦ ਬਾਂਸਲ ਅਤੇ ਸਮੂਹ ਅਗਰਵਾਲ ਧਰਮਸ਼ਾਲਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਨੇ ਹਾਜ਼ਰੀ ਭਰਦੇ ਹੋਏ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ



ਭਜਨ ਗਾਇਕ ਜਤਿਨ ਛਾਬੜਾ ਵਲੋਂ ਸ਼੍ਰੀ ਗਣੇਸ਼ ਜੀ ਭਗਵਾਨ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ।ਇਸ ਦੌਰਾਨ ਆਏ ਮਹਿਮਾਨਾਂ ਨੇ ਸੰਗਤਾਂ ਨੂੰ ਸ਼੍ਰੀ ਗਣੇਸ਼ ਉਤਸਵ ਦੀ ਮੁਬਾਰਕਬਾਦ ਦਿੱਤੀ ਅਤੇ ਸੰਸਥਾ ਵਲੋਂ ਆਏ ਹੋਏ ਮਹਿਮਾਨਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸੰਸਥਾ ਦੇ ਮੈਂਬਰ ਮਨਿਕ ਮਰਾਠਾ, ਨਿਸ਼ਾਂਤ ਸਿੰਗਲਾ, ਦਰਸ਼ਨ ਮਿੱਤਲ, ਹਿਤੇਸ਼ ਕੁਮਾਰ, ਅਮਨ ਗਰਗ, ਸ਼ਿਵ ਗੋਇਲ , ਚੇਤਨ ਗੁਪਤਾ, ਅਮਨ ਗੋਇਲ, ਮਯੰਕ ਸ਼ਰਮਾ, ਟਾਰਜ਼ਨ ਰਾਜੂ, ਹਨੀ, ਪਵਨ ਸ਼ੈਂਕੀ ਆਦਿ ਤੋਂ ਇਲਾਵਾ ਅੰਕੁਸ਼ ਗੋਇਲ, ਰਵੀ ਗਰਗ ਟੀਮਾ, ਨਰਿੰਦਰ ਪੰਮੀ, ਰਮਨ ਗੁਪਤਾ, ਭਾਰਤ ਭੂਸ਼ਣ ਮਿੱਤਲ, ਸੁਮੀਤ ਗਰਗ ਟੀਨੂੰ ਅਤੇ ਪੰਕਜ ਗਰਗ ਆਦਿ ਵੀ ਮੌਜੂਦ ਰਹੇ।

# ਸੋਸਾਇਟੀਆਂ 'ਚ ਡੀਏਪੀ ਖਾਦ ਪਹੁੰਚਾਉਣ ਵੱਲ ਸਰਕਾਰ ਦਾ ਨਹੀ ਕੋਈ ਧਿਆਨ : ਭਾਕਿਯੂ ਲੱਖੋਵਾਲ

ਖਰੜ, 13 ਸਤੰਬਰ (ਜਗਵਿੰਦਰ ਸਿੰਘ): ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਜ਼ਿਲਾ ਮੋਹਾਲੀ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਚੱਪੜਚਿੜੀ ਸਾਹਿਬ ਵਿਖੇ ਜ਼ਿਲ੍ਹਾ ਪ੍ਰਧਾਨ ਦਵਿੰਦਰ ਸਿੰਘ ਦੇ ਕਲਾਂ ਦੀ ਪ੍ਰਧਾਨਗੀ ਵਿੱਚ ਕੀਤੀ ਗਈ । ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਦੇਹਕਲਾ ਅਤੇ ਜਨਰਲ ਸਕੱਤਰ ਜਸਪਾਲ ਸਿੰਘ ਨਿਆਮੀਆਂ ਨੇ ਦੱਸਿਆ ਕਿ ਮੀਟਿੰਗ ਵਿੱਚ ਲਏ ਫੈਸਲਿਆਂ ਅਨੁਸਾਰ ਸਰਕਾਰ ਵੱਲੋਂ ਡੀਜ਼ਲ ਅਤੇ ਪੈਟਰੋਲ ਦੀਆਂ ਕੀਮਤਾਂ ਵਿੱਚ ਵਾਧਾ ਕਰਨ ਦੀ ਨਿਖੇਧੀ ਕਰਦਿਆਂ ਡੀਜ਼ਲ ਅਤੇ ਪੈਟਰੋਲ ਨੂੰ ਜੀਐਸਟੀ ਨਾਲ ਜੋੜਨ ਦੀ ਮੰਗ ਕੀਤੀ ਹੈ । ਉਹਨਾਂ ਕਿਹਾ ਕਿ ਸੋਸਾਇਟੀਆਂ ਵਿੱਚ ਡੀਏਪੀ ਖਾਦ ਨਹੀਂ ਪਹੁੰਚ ਰਹੀ ਹੈ ਜਿਸ ਵੱਲ ਸਰਕਾਰ ਦਾ ਕੋਈ ਧਿਆਨ ਨਹੀਂ ਹੈ। ਉਹਨਾਂ ਮੰਗ ਕੀਤੀ ਕਿ ਆਲੂਆਂ ਦੀ ਬਿਜਾਈ ਨੂੰ ਦੇਖਦਿਆਂ ਸੁਸਾਇਟੀਆਂ ਵਿੱਚ ਡੀਏਪੀ ਖਾਦ ਤੁਰੰਤ ਮੁਹਈਆ ਕਰਵਾਈ ਜਾਵੇ। ਮੋਹਾਲੀ ਜਿਲੇ ਦੀਆਂ ਖਸਤਾ ਹਾਲ ਸੜਕਾਂ ਕਾਰਨ ਲੋਕਾਂ ਨੂੰ ਆਵਾਜਾਈ ਵਿੱਚ ਬਹੁਤ ਜਿਆਦਾ ਦਿੱਕਤ ਆ ਰਹੀ ਜਿਸ ਨੂੰ ਠੀਕ ਕਰਕੇ ਲੋਕਾਂ ਨੂੰ ਰਾਹਤ ਦਿੱਤੀ ਜਾਵੇ । ਜਿਲ੍ਹੇ ਦੇ ਡੇਰਾਬਸੀ ਵਿੱਚ ਜਿੰਨੀਆਂ ਵੀ ਫੈਕਟਰੀਆਂ ਹਨ ਉਹਨਾਂ ਵਿੱਚ ਜਿਆਦਾਤਰ ਮੁਲਾਜ਼ਮ ਬਾਹਰ ਦੇ ਰੱਖੇ ਹੋਏ ਹਨ ਪਰ ਇਹਨਾਂ ਫੈਕਟਰੀਆਂ ਦਾ ਜੋ ਵੀ



ਪੋਲਿਊਸ਼ਨ ਹੁੰਦਾ ਹੈ ਉਸ ਦਾ ਸਾਹਮਣਾ ਨੇੜੇ ਤੇੜੇ ਦੇ ਲੋਕਲ ਲੋਕਾਂ ਨੂੰ ਕਰਨਾ ਪੈਂਦਾ ਹੈ। ਜਿਸ ਕਾਰਨ ਇੱਥੇ ਬਹੁਤ ਜਿਆਦਾ ਬਿਮਾਰੀਆਂ ਫੈਲ ਰਹੀਆਂ ਹਨ । ਉਹਨਾਂ ਫੈਕਟਰੀ ਵਾਲਿਆਂ ਨੂੰ ਬੇਨਤੀ ਕੀਤੀ ਕਿ ਉਹ ਜੇਕਰ ਇਨਵਾਇਰਮੈਂਟ ਦਾ ਨੁਕਸਾਨ ਕਰ ਰਹੇ ਹਨ ਤਾਂ ਘੱਟ ਤੋਂ ਘੱਟ ਲੋਕਲ ਵਰਕਰਾਂ ਨੂੰ ਵੀ ਇੱਥੇ ਕੰਮ ਦਿੱਤਾ ਜਾਵੇ ਨਹੀਂ ਤਾਂ ਜਥੇਬੰਦੀ ਇਸਦਾ ਵਿਰੋਧ ਕਰੇਗੀ । ਇਸ ਮੀਟਿੰਗ ਵਿੱਚ ਪੰਜਾਬ ਪ੍ਰਧਾਨ ਨਰਿੰਦਰ ਸਿੰਘ ਲੱਖੋਵਾਲ , ਮਨਪ੍ਰੀਤ ਸਿੰਘ ਅਮਲਾਲਾ, ਬਲਾਕ ਪ੍ਰਧਾਨ ਗੁਰਮੀਤ ਸਿੰਘ ਖੂਨੀ ਮਾਜਰਾ, ਸੋਨੀ ਰਸਨਹੇੜੀ, ਜਸਵੀਰ ਸਿੰਘ ਨੰਗਲ, ਕਿਰਪਾਲ ਸਿੰਘ ਮਗਰ, ਗੁਰਜੰਟ ਸਿੰਘ, ਰਣਜੀਤ ਸਿੰਘ ਬਜਹੇੜੀ, ਗੁਰਿੰਦਰ ਸਿੰਘ ਮਹਿਦਪੁਰ, ਦਰਸ਼ਨ ਸਿੰਘ ਬਲਾਕ ਪ੍ਰਧਾਨ ਮੋਹਾਲੀ, ਚਰਨਜੀਤ ਸਿੰਬਲ ਮਾਜਰਾ, ਸਰਬਜੀਤ ਸਿੰਘ, ਕੁਲਵੰਤ ਸਿੰਘ ਰੁੜਕੀ, ਕੁਲਵੰਤ ਸਿੰਘ ਚਿੱਲਾ, ਜਸਪਾਲ ਸਿੰਘ ਲਾਂਡਰਾਂ, ਗੁਰਿੰਦਰ ਸਿੰਘ ਜਿਲਾ ਜਨਰਲ ਸਕੱਤਰ, ਅਮਨਦੀਪ ਸਿੰਘ ਤੰਗੋਰੀ, ਸੁਖਵਿੰਦਰ ਸਿੰਘ ਤੰਗੋਰੀ, ਸਤਨਾਮ ਸਿੰਘ, ਰਵਜੋਤ ਸਿੰਘ, ਕੁਲਵਿੰਦਰ ਸਿੰਘ, ਸੁਰਿੰਦਰ ਪਾਲ ਬਨੂੜ, ਦਲਜੀਤ ਸਿੰਘ , ਹਰਜਿੰਦਰ ਸਿੰਘ, ਗਗਨਦੀਪ ਬਨੂੜ, ਬਹਾਦਰ ਸਿੰਘ ਮੀਆਂਪੁਰ, ਸੁਰਿੰਦਰ ਸਿੰਘ ਮੋਟੇ ਮਾਜਰਾ, ਗੁਰਦੀਪ ਸਿੰਘ ਦਿਆਲਪੁਰਾ, ਪੁਸ਼ਵਿੰਦਰ ਸਿੰਘ, ਹਰਜੀਤ ਸਿੰਘ, ਗੁਰਮੀਤ ਸਿੰਘ ਮਨੌਲੀ, ਕੁਲਵਿੰਦਰ ਸਿੰਘ ਕੰਬਾਲਾ, ਰਵਿੰਦਰ ਸਿੰਘ ਭਗੜਾਣਾ, ਸੁਖਵਿੰਦਰ ਭਵਾਤ, ਗੁਰਲਾਲ ਸਿੰਘ, ਕਿਰਨਦੀਪ ਸਿੰਘ, ਦਵਿੰਦਰ ਸਿੰਘ ਸੈਣੀ ਮਾਜਰਾ, ਤਰਨਵੀਰ ਸਿੰਘ, ਪਰਮਵੀਰ ਸਿੰਘ ਖਿਜਰਾਬਾਦ ਆਦਿ ਹਾਜਰ ਸਨ।

# ਵਿਧਾਇਕ ਐਡਵੋਕੇਟ ਰਾਏ ਨੇ ਹਲਕਾ ਵਾਸੀਆਂ ਵੱਲੋਂ ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਦਾ ਕੀਤਾ ਸਨਮਾਨ

## ਜ਼ਿਲ੍ਹੇ ਦੇ ਲੋਕਾਂ ਵੱਲੋਂ ਮਿਲਿਆ ਸਹਿਯੋਗ ਹਮੇਸ਼ਾਂ ਯਾਦ ਰਹੇਗਾ: ਪਰਨੀਤ ਸ਼ੇਰਗਿੱਲ

**ਆਜ਼ਾਦ ਸੋਚ**
**ਸੁਨੀਲ ਵਰਮਾਂ**
**ਫ਼ਤਹਿਗੜ੍ਹ ਸਾਹਿਬ,13 ਸਤੰਬਰ**

ਹਲਕਾ ਵਿਧਾਇਕ ਐਡਵੋਕੇਟ ਸ. ਲਖਬੀਰ ਸਿੰਘ ਰਾਏ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਦਾ ਤਬਾਦਲਾ ਹੋਣ 'ਤੇ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ। ਉਨ੍ਹਾਂ ਇਸ ਮੌਕੇ ਕਿਹਾ ਕਿ ਸ਼ ?ਰੀਮਤੀ ਸ਼ੇਰਗਿੱਲ ਇੱਕ ਇਮਾਨਦਾਰ ਤੇ ਮਿਹਨਤੀ ਸ਼ਖ਼ਸੀਅਤ ਦੇ ਮਾਲਕ ਹਨ, ਜਿਨ੍ਹਾਂ ਨੇ ਹਮੇਸ਼ਾਂ ਹੀ ਲੋਕ ਮਸਲਿਆਂ ਦੇ ਹੱਲ ਨੂੰ ਤਰਜੀਹ ਦਿੱਤੀ।



ਹਲਕਾ ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਦਾ ਹੇਠਲੇ ਪੱਧਰ ਤੱਕ ਲਾਭ ਪਹੁੰਚਾਉਣ ਵਿੱਚ ਵੀ ਉਨ੍ਹਾਂ ਨੇ ਬੇਮਿਸਾਲ ਕੰਮ ਕੀਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸ਼ਹੀਦਾਂ ਦੀ ਧਰਤੀ ਫ਼ਤਹਿਗੜ੍ਹ ਸਾਹਿਬ ਵਿਖੇ ਉਨ੍ਹਾਂ ਨੇ ਕਰੀਬ ਦੋ ਸਾਲ ਪੰਜ ਮਹੀਨੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵਜੋਂ ਸ਼ਾਨਦਾਰ ਸੇਵਾਵਾਂ ਨਿਭਾਈਆਂ।

ਉਨ੍ਹਾਂ ਕਿਹਾ ਕਿ ਸ਼ਹੀਦਾਂ ਦੀ ਧਰਤੀ ਫ਼ਤਹਿਗੜ੍ਹ ਸਾਹਿਬ ਵਿਖੇ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਬਤੌਰ ਡਿਪਟੀ ਕਮਿਸ਼ਨਰ ਵਜੋਂ ਇਕ ਇਮਾਨਦਾਰ ਤੇ ਮਿਹਨਤੀ ਅਧਿਕਾਰੀ ਵਜੋਂ ਸੇਵਾ ਕੀਤੀ, ਜਿਸ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ। ਉਨ੍ਹਾਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਸ਼੍ਰੀਮਤੀ ਸ਼ੇਰਗਿੱਲ ਨੂੰ ਆਪਣੇ ਜੀਵਨ ਵਿੱਚ ਹੋਰ ਵੀ ਕਾਮਯਾਬੀ ਹਾਸਲ ਹੋਵੇ ਅਤੇ ਉਹ ਇਸੇ ਤਰ੍ਹਾਂ ਅੱਗੇ ਵੱਧਦੇ ਰਹਿਣ।

ਇਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਕਿਹਾ ਕਿ ਬਤੌਰ ਡਿਪਟੀ ਕਮਿਸ਼ਨਰ, ਫ਼ਤਹਿਗੜ੍ਹ ਸਾਹਿਬ, ਉਨ੍ਹਾਂ ਨੂੰ ਜ਼ਿਲ੍ਹੇ ਦੇ ਨਾਗਰਿਕਾਂ, ਪ੍ਰਸ਼ਾਸ਼ਨਿਕ ਅਧਿਕਾਰੀਆਂ ਅਤੇ ਮੀਡੀਆ ਦਾ ਜੋ ਸਹਿਯੋਗ ਮਿਲਿਆ ਹੈ ਉਸ ਨੂੰ ਹਮੇਸ਼ਾਂ ਯਾਦ ਰੱਖਣਗੇ। ਉਨ੍ਹਾਂ ਕਿਹਾ ਕਿ ਫ਼ਤਹਿਗੜ੍ਹ ਸਾਹਿਬ ਦੀ ਧਰਤੀ ਇੱਕ ਪਵਿੱਤਰ ਧਰਤੀ ਹੈ, ਜਿਸ 'ਤੇ ਸੇਵਾਵਾਂ ਨਿਭਾਉਣ ਦਾ ਮੌਕਾ ਮਿਲਣਾ ਵੀ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਇਸ ਧਰਤੀ ਨੂੰ ਪ੍ਰਮਾਤਮਾ ਦੀ ਵਿਸ਼ੇਸ਼ ਦਾਤ ਹਾਸਲ ਹੈ ਅਤੇ ਉਨ੍ਹਾਂ ਕਈ ਮੁਸ਼ਕਲ ਘੜੀਆਂ ਵਿੱਚ ਵੀ ਪ੍ਰਮਾਤਮਾ ਦੀ ਮਿਹਰ ਸਦਕਾ ਕਾਮਯਾਬੀ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਇਸ ਕਰੀਬ 02 ਸਾਲ 5 ਮਹੀਨਿਆਂ ਦੇ ਕਾਰਜ ਕਾਲ ਨੂੰ ਹਮੇਸ਼ਾਂ ਯਾਦ ਰੱਖਣਗੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸ਼ ?ਰੀਮਤੀ ਇਸ਼ਾ ਸਿੰਗਲ, ਅਸੀਸ ਕੁਮਾਰ ਅੱਤਰੀ, ਦੀਪਕ ਬਾਤਿਸ਼, ਰਮੇਸ਼ ਕੁਮਾਰ ਸੋਨੂੰ, ਪ੍ਰਿਤਪਾਲ ਜੱਸੀ, ਪ੍ਰਦੀਪ ਕੁਮਾਰ ਮਲਹੋਤਰਾ, ਮਨਦੀਪ ਪੋਲਾ, ਬੰਟੀ ਸੈਣੀ, ਬਲਵੀਰ ਸੋਢੀ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜ਼ਰ ਸਨ।

# ਪਿੰਡ ਮਲਕੋ ਮਾਜਰਾ ਸਰਕਾਰੀ ਸਕੂਲ ਦੇ ਲੋੜਵੰਦ ਬੱਚਿਆਂ ਨੂੰ ਸਟੇਸ਼ਨਰੀ ਅਤੇ ਬੂਟੇ ਵੰਡੇ



ਫ਼ਤਹਿਗੜ੍ਹ ਸਾਹਿਬ, 13 ਸਤੰਬਰ (ਸੁਨੀਲ ਵਰਮਾ) :ਅੱਜ ਐਂਟੀ ਕੁਰੱਪਸ਼ਨ ਐਸੋਸੀਏਸ਼ਨ ਇੰਡੀਆ ਦੇ ਪੰਜਾਬ ਪ੍ਰਧਾਨ ਸਤਿਕਾਰਯੋਗ ਸ. ਗੁਰਕੀਰਤ ਸਿੰਘ ਬੇਦੀ ਜੀ ਨੇ ਵਿਧਾਨ ਸਭਾ ਹਲਕਾ ਜਿਲ੍ਹਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਸਰਕਾਰੀ ਸਕੂਲ ਪਿੰਡ ਮਲਕੋ ਮਾਜਰਾ ਵਿਖੇ ਸਕੂਲ ਦੇ 100 ਲੋੜਵੰਦ ਬੱਚਿਆਂ ਨੂੰ ਪੜ੍ਹਾਈ ਲਈ ਸਟੇਸ਼ਨਰੀ ਦਾ ਸਮਾਨ ਵੰਡਿਆ ਗਿਆ ਤਾਂ ਜੋ ਕੋਈ ਵੀ ਬੱਚਾ ਸਾਧਨਾਂ ਦੀ ਘਾਟ ਕਾਰਨ ਪੜ੍ਹਾਈ ਵਿਚੋਂ ਪਿਛੇ ਨਾ ਰਹੇ ਅਤੇ ਸਭ ਬੱਚਿਆਂ ਨੂੰ ਇੱਕ ਇੱਕ ਰੁੱਖ ਵੀ ਦਿੱਤੇ ਅਤੇ ਪੰਜਾਬ ਪ੍ਰਧਾਨ ਨੇ ਕੀਹਾ ਕੀ ਵਾਤਾਵਰਣ ਨੂੰ ਹਰਾ ਭਰਾ ਰੱਖਣ ਲਈ ਵੱਧ ਤੋਂ ਵੱਧ ਰੁੱਖ ਲਗਾਇਏ ਅਤੇ ਲੱਗੇ ਹੋਏ ਰੁੱਖਾਂ ਨੂੰ ਬਚਾਈਏ ਅਤੇ ਇਸ ਸਬੰਧੀ ਜਾਣੂ ਵੀ ਕਰਵਾਇਆ। ਅਤੇ ਨਾਲ ਹੀ ਕੀਹਾ ਕੀ ਲੋਡਵੰਦਾਂ ਦੀ ਸੇਵਾ ਕਰਨਾ ਹੀ ਅਸਲ ਧਰਮ ਹਰੇਕ ਵਿਅਕਤੀ ਨੂੰ ਆਪਣੀ ਕਮਾਈ ਚੋਂ ਦਸਵੰਧ ਜ਼ਰੂਰ ਕੱਢਣਾ ਚਾਹੀਦੈ,ਹੈ। ਨਾ ਕੋਈ ਜਾਤਿ ਨਾ ਕੋਈ ਧਰਮ ਲੋੜਵੰਦਾਂ ਦੀ ਸੇਵਾ ਸਭ ਤੋਂ ਵੱਡਾ ਧਰਮ। ਆਓ ਸਾਰੇ ਇਕਜੁੱਟ ਹੋ ਕੇ ਬਾਬਾ ਨਾਨਕ ਜੀ ਦੇ ਦਿਖਾਏ ਹੋਏ ਰਸਤੇ 'ਤੇ ਚੱਲੀਏ ਅਤੇ ਦਸਵੰਧ ਕੱਢ ਕੇ ਲੋੜਵੰਦਾਂ ਦੀ ਖੁਦ ਮਦਦ ਕਰੀਏ। ਇਸ ਮੌਕੇ ਸਤਿਕਾਰਯੋਗ ਸਾਬਕਾ ਮੰਤਰੀ ਪੰਜਾਬ ਡਾ. ਹਰਬੰਸ ਲਾਲ ਜੀ, ਸੰਨਦੀਪ ਸਿੰਘ ਲਵਲੀ ਜੀ,ਬਾਬਾ ਦਲੇਰ ਸਿੰਘ ਖ਼ਾਲਸਾ ਜੀ,ਯੂਥ ਆਗੂ ਗੁਰੀ ਬੇਦੀ ਜੀ, ਇੰਦਰਜੀਤ ਸਿੰਘ ਜੀ ਅਤੇ ਸਕੂਲ ਦਾ ਸਟਾਫ਼ ਵੀ ਹਾਜ਼ਰ ਸਨ ।

# ਬਿਜਲੀ ਮੁਲਾਜ਼ਮਾਂ ਵੱਲੋਂ ਮੈਨੇਜਮੈਂਟ ਖਿਲਾਫ ਕੀਤਾ ਰੋਸ ਪ੍ਰਦਸ਼ਨ

**ਆਜ਼ਾਦ ਸੋਚ**
**ਜਗਵਿੰਦਰ ਸਿੰਘ/ਖਰੜ , 13 ਸਤੰਬਰ**

ਪੀ.ਐਸ.ਈ.ਬੀ. ਜੁਆਇੰਟ ਫੋਰਮ ਪੰਜਾਬ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਪੰਜਾਬ ਅਤੇ ਟੀਐਸਯੂ ਭੰਗਲ ਦੇ ਦੇ ਸੱਦੇ ਤੇ ਖਰੜ ਦਫ਼ਤਰ ਵਿਖੇ ਬਿਜਲੀ ਮੁਲਾਜ਼ਮਾਂ ਵੱਲੋਂ ਸਰਕਾਰ ਅਤੇ ਪਾਵਰਕਾਮ ਦੀ ਮੇਨੇਜਮੇਂਟ ਦੇ ਖਿਲਾਫ਼ ਵਿੱਢੇ ਸੰਘਰਸ਼ ਅਧੀਨ ਵਿਸ਼ਾਲ ਰੋਸ ਧਰਨਾ ਅਤੇ ਸ਼ਹਿਰ ਵਿੱਚ ਰੋਸ ਮਾਰਚ ਕੱਢਿਆ ਗਿਆ । ਇਸ ਮੌਕੇ ਸੰਬੋਧਨ ਕਰਦੇ ਹੋਏ ਰਣਜੀਤ ਸਿੰਘ ਢਿੱਲੋਂ ਸੂਬਾ ਪ੍ਰਧਾਨ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਪੰਜਾਬ ਅਤੇ ਸੁਖਵਿੰਦਰ ਸਿੰਘ ਦੁੱਮਣਾ ਮੈਂਬਰ ਜੁਆਇੰਟ ਫੋਰਮ ਪੰਜਾਬ ਨੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਬਿਜਲੀ ਬੋਰਡ ਦੀ ਮੈਨੇਜਮੈਂਟ ਮੁਲਾਜ਼ਮਾਂ ਦੀਆ ਮੰਗਾਂ ਸੰਬਧੀ ਬੀਤੇ ਦਿਨੀ ਚੰਡੀਗੜ੍ਹ ਵਿੱਖੇ ਹੋਈ ਮੀਟਿੰਗ ਵਿੱਚ ਸਰਕਾਰ ਵੱਲੋਂ ਟਾਲ ਮਟੋਲ ਵਾਲੀ ਨੀਤੀ ਅਪਣਾਈ ਗਈ ਹੈ ਜਿਸ ਕਾਰਨ ਮੁਲਾਜਮਾਂ ਦਾ ਸੰਘਰਸ਼ ਜਾਰੀ ਹੈ। ਡਿਊਟੀ ਕਰ ਰਹੇ ਸੀ.ਐਚ.ਬੀ ਕਾਮਿਆਂ ਨੂੰ ਜ਼ਬਰੀ ਅਣਅਧਿਕਾਰਿਤ ਕੰਮ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ ਅਤੇ ਕਾਮਿਆ ਵੱਲੋਂ ਮਨਾ ਕਰਨ ਤੇ ਤਿੰਨ ਸੀਐਚਬੀ ਕਾਮਿਆਂ ਨੂੰ ਟਰਮੀਨੇਟ ਕਰ ਦਿੱਤਾ ਹੈ। ਰੋਸ ਧਰਨੇ ਨੂੰ ਸੰਬੋਧਨ ਕਰਦੇ ਹੋਏ ਪਰਮਜੀਤ ਸਿੰਘ ਸਰਕਲ ਸਕੱਤਰ ਟੀ.ਐਸ.ਯੂ,ਰਿਸ਼ਬ ਚਿਗਲ ਸਰਕਲ ਆਗੂ ਫੈਡਰੇਸ਼ਨ ਏਟਕ , ਰਣਯੋਧ ਸਿੰਘ ਪ੍ਰਧਾਨ ਟੀ ਐਸ ਯੂ, ਤਰਨਜੀਤ ਸਿੰਘ ਫੈਡਰੇਸ਼ਨ ਏਟਕ, ਬਲਜਿੰਦਰ ਸਿੰਘ ਡਵੀਜ਼ਨ ਸਕੱਤਰ ਟੀ.ਐਸ.ਯੂ, ਸ਼ੇਰ ਸਿੰਘ ਟੀ.ਐਸ.ਯੂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਕਿਹਾ ਕਿ ਜੇਕਰ ਸਰਕਾਰ ਨੇ ਬਿਜਲੀ ਮੁਲਾਜ਼ਮਾਂ ਨਾਲ ਟਕਰਾਅ ਵਾਲੀ ਨੀਤੀ ਛੱਡ ਕੇ ਦਿੱਤੇ ਮੰਗ ਪੱਤਰ ਅਨੁਸਾਰ ਮੁਲਾਜ਼ਮਾਂ ਦੇ ਮਸਲਿਆਂ ਦਾ ਹੱਲ ਨਾ ਕੀਤਾ ਤਾਂ ਇਸ ਸੰਘਰਸ਼ ਵਿੱਚ ਹੋਰ ਵੀ ਵਾਧਾ ਕੀਤਾ ਜਾਵੇਗਾ ਅਤੇ ਇਸ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾ ਸਕਦਾ ਹੈ। ਇਸ ਰੋਸ ਧਰਨੇ ਵਿੱਚ ਯੋਗਰਾਜ ਸਿੰਘ, ਬਲਜਿੰਦਰ ਹੈਪੀ, ਸੁਖਵਿੰਦਰ ਸਿੰਘ ਪ੍ਰਧਾਨ ਟੀਐਸਯੂ ਕੁਰਾਲੀ, ਸੁਖਜਿੰਦਰ ਸਿੰਘ ਪ੍ਰਧਾਨ ਟੀਐਸ ਯੂ ਮੋਰਿੰਡਾ,ਮਨਦੀਪ ਸਿੰਘ, ਗੁਰਪ੍ਰੀਤ ਸਿੰਘ, ਬਲਜਿੰਦਰ ਸਿੰਘ, ਜਸਵਿੰਦਰ ਸਿੰਘ ਅਮਨਦੀਪ ਸਿੰਘ ਦਲਬੀਰ ਸਿੰਘ , ਜਗਦੀਪ ਸਿੰਘ, ਅਮਰੀਕ ਸਿੰਘ, ਸ਼ਮਸ਼ੇਰ ਸਿੰਘ, ਰੇਸ਼ਮ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਮੁਲਾਜ਼ਮ ਸ਼ਾਮਿਲ ਹੋਏ।




# 2014 ਬੈਚ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀ ਡਾ. ਪ੍ਰੀਤੀ ਯਾਦਵ ਨੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

## ਮੁੱਖ ਮੰਤਰੀ ਦੀਆਂ ਹਦਾਇਤਾਂ ਤੇ ਲੋਕਾਂ ਦੀ ਮੰਗ ਮੁਤਾਬਕ ਹਰ ਸਰਕਾਰੀ ਸਕੀਮ ਦਾ ਲਾਭ ਹੇਠਲੇ ਪੱਧਰ ਤੱਕ ਪਹੁੰਚਾਉਣਾ ਹੋਵੇਗੀ ਮੁੱਖ ਤਰਜੀਹ-ਡਾ. ਪ੍ਰੀਤੀ ਯਾਦਵ

**ਆਜ਼ਾਦ ਸੋਚ**
**ਹਰਵਿੰਦਰ ਲਾਲੀ/ਪਟਿਆਲਾ, 13 ਸਤੰਬਰ**

2014 ਬੈਚ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀ ਡਾ. ਪ੍ਰੀਤੀ ਯਾਦਵ ਨੇ ਅੱਜ ਪਟਿਆਲਾ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਨੇ ਸ਼ੌਕਤ ਅਹਿਮਦ ਪਰੇ ਦੀ ਜਗ੍ਹਾ ਇਹ ਅਹੁਦਾ ਸੰਭਾਲਿਆ ਹੈ, ਜਿਨ੍ਹਾਂ ਦੀ ਬਦਲੀ ਡੀ.ਸੀ. ਬਠਿੰਡਾ ਵਜੋਂ ਹੋਈ ਹੈ।

ਡਾ. ਪ੍ਰੀਤੀ ਯਾਦਵ ਨੇ ਆਪਣਾ ਅਹੁਦਾ ਸੰਭਾਲਣ ਉਪਰੰਤ ਕਿਹਾ ਕਿ, 'ਪਟਿਆਲਾ ਜ਼ਿਲ੍ਹਾ ਉਨ੍ਹਾਂ ਲਈ ਨਵਾਂ ਨਹੀਂ ਹੈ ਕਿਉਂਕਿ ਉਹ ਪਹਿਲਾਂ ਵੀ ਇੱਥੇ ਬਤੌਰ ਏ.ਡੀ.ਸੀ. ਸੇਵਾਵਾਂ ਨਿਭਾ ਚੁੱਕੇ ਹਨ ਅਤੇ ਉਹ ਜ਼ਿਲ੍ਹੇ ਬਾਰੇ ਚੰਗੀ ਤਰ੍ਹਾਂ ਜਾਣੂ ਹਨ।' ਡਾ. ਯਾਦਵ ਨੇ ਕਿਹਾ ਕਿ ਹੁਣ ਉਨ੍ਹਾਂ ਨੂੰ ਦੁਬਾਰਾ ਪਟਿਆਲਾ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਤਾਂ ਉਨ੍ਹਾਂ ਦੀ ਇਹ ਮੁੱਖ ਤਰਜੀਹ ਰਹੇਗੀ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਅਤੇ ਲੋਕਾਂ ਦੀ ਮੰਗਾਂ ਨੂੰ ਸਮਝਕੇ ਜ਼ਿਲ੍ਹੇ ਦਾ ਵਿਕਾਸ ਕੀਤਾ ਜਾਵੇ ਅਤੇ ਪੰਜਾਬ ਸਰਕਾਰ ਦੀਆਂ ਸਾਰੀਆਂ ਸਕੀਮਾਂ ਦਾ ਲਾਭ ਲੋਕਾਂ ਲਈ ਹੇਠਲੇ ਪੱਧਰ ਤੱਕ ਪੁੱਜਦਾ ਕੀਤਾ ਜਾਵੇ।

ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹੇ ਦੇ ਵਸਨੀਕਾਂ ਨੂੰ ਖੁੱਲ੍ਹਾ ਸੱਦਾ ਦਿੱਤਾ ਕਿ ਉਹ ਜ਼ਿਲ੍ਹੇ ਵਿੱਚ ਹੋਰ ਸੁਧਾਰ ਲਿਆਉਣ ਲਈ ਆਪਣੇ ਸੁਝਾਉ ਉਨ੍ਹਾਂ ਨੂੰ ਦੇਣ ਤਾਂ ਕਿ ਜ਼ਿਲ੍ਹੇ ਨੂੰ ਹੋਰ ਅੱਗੇ ਬੁਲੰਦੀਆਂ 'ਤੇ ਲਿਜਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਸੁਧਾਰ ਲਈ ਸੁਝਾਓ ਡਿਪਟੀ ਕਮਿਸ਼ਨਰ ਦਫ਼ਤਰ ਦੀ ਈ.ਮੇਲ dc.ptl@punjab.gov.in ਉਪਰ ਭੇਜੇ ਜਾ ਸਕਦੇ ਹਨ, ਉਹ ਆਪਣੀ ਈਮੇਲ ਖ਼ੁਦ ਦੇਖਦੇ ਹਨ ਅਤੇ ਆਏ ਸੁਝਾਵਾਂ ਉਪਰ ਤੁਰੰਤ ਅਮਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਤਕਲੀਫ਼ ਜਾਂ ਕਿਸੇ ਸਰਕਾਰੀ ਦਫ਼ਤਰ ਨਾਲ ਸਬੰਧਤ ਕੋਈ ਮੁਸ਼ਕਿਲ ਹੈ, ਤਾਂ ਉਸ ਦੇ ਹੱਲ ਲਈ ਵੀ ਲੋਕਾਂ ਲਈ ਉਨ੍ਹਾਂ ਦਾ ਦਫ਼ਤਰ ਸਦਾ ਖੁੱਲ੍ਹਾ ਹੈ।

ਡਾ. ਪ੍ਰੀਤੀ ਯਾਦਵ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਦੇ ਤਹਿਤ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਹਰਿਆ-ਭਰਿਆ ਬਣਾਕੇ ਇਸ ਦਾ ਬਹੁਪੱਖੀ ਵਿਕਾਸ ਉਲੀਕਿਆ ਗਿਆ ਹੈ ਤਾਂ ਕਿ ਵੱਧ ਰਹੀ ਤਪਸ਼ ਨੂੰ ਵੀ ਘਟਾਇਆ ਜਾ ਸਕੇ। ਇਸ ਲਈ ਵਿਕਾਸ ਦੇ ਨਾਲ-ਨਾਲ ਮੌਜੂਦਾ ਹਰਿਆਵਲ ਨੂੰ ਬਚਾਅ ਕੇ ਵੱਧ ਤੋਂ ਵੱਧ ਰੁੱਖ ਹੋਰ ਲਗਾਉਣ ਲਈ ਹਰ ਨਾਗਰਿਕ ਨੂੰ ਆਪਣਾ ਯੋਗਦਾਨ ਪਾਉਣ ਲਈ ਅੱਗੇ ਆਉਣਾ ਚਾਹੀਦਾ ਹੈ।



ਇਸ ਤੋਂ ਪਹਿਲਾਂ ਨਵੇਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੁੱਜਣ 'ਤੇ ਪੰਜਾਬ ਪੁਲਿਸ ਦੀ ਟੁਕੜੀ ਨੇ 'ਗਾਰਡ ਆਫ਼ ਆਨਰ' ਪੇਸ਼ ਕਰਕੇ ਸਲਾਮੀ ਦਿੱਤੀ। ਇਸ ਦੌਰਾਨ ਡਿਪਟੀ ਕਮਿਸ਼ਨਰ ਦਫ਼ਤਰ ਦੀਆਂ ਸਮੂਹ ਬ੍ਰਾਂਚਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਅਹੁਦਾ ਛੱਡਕੇ ਜਾ ਰਹੇ ਸ਼ੌਕਤ ਅਹਿਮਦ ਪਰੇ ਨੂੰ ਨਿੱਘੀ ਵਿਦਾਇਗੀ ਦਿੱਤੀ ਗਈ ਅਤੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲਣ ਵਾਲੇ ਡਾ. ਪ੍ਰੀਤੀ ਯਾਦਵ ਦਾ ਸਵਾਗਤ ਕੀਤਾ ਗਿਆ।

ਜਿਕਰਯੋਗ ਹੈ ਕਿ ਪੀ.ਜੀ.ਆਈ.ਐਮ.ਐਸ. ਰੋਹਤਕ ਤੋਂ ਡੈਂਟਲ ਵਿਸ਼ੇ 'ਚ ਗ੍ਰੈਜੂਏਟ, ਡਾ. ਪ੍ਰੀਤੀ ਯਾਦਵ, ਆਮ ਲੋਕਾਂ ਤੇ ਖਾਸ ਕਰਕੇ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਪ੍ਰਤੀ ਹਮਦਰਦੀ ਵਾਲਾ ਰਵੱਈਆ ਰੱਖਣ ਸਮੇਤ ਕੰਮ ਪ੍ਰਤੀ ਵਚਨਬੱਧਤਾ ਅਤੇ ਤੁਰੰਤ ਫੈਸਲੇ ਲੈਣ ਲਈ ਜਾਣੇ ਜਾਂਦੇ ਹਨ। ਵਾਤਾਵਰਣ ਸੰਭਾਲ ਪ੍ਰਤੀ ਕਿਸਾਨਾਂ ਨੂੰ ਜਾਗਰੂਕ ਕਰਕੇ ਪਰਾਲੀ ਨਾ ਸਾੜਨ ਲਈ ਵੀ ਪ੍ਰੇਰਤ ਕਰਨਾ ਅਤੇ ਜਮੀਨੀ ਪੱਧਰ 'ਤੇ ਸਿੱਧੇ ਤੌਰ 'ਤੇ ਲੋਕਾਂ ਨਾਲ ਜੁੜਕੇ ਕੰਮ ਕਰਨਾ ਵੀ ਉਨ੍ਹਾਂ ਨੂੰ ਪਸੰਦ ਹੈ।

ਡਾ. ਪ੍ਰੀਤੀ ਯਾਦਵ ਵੱਲੋਂ ਪਟਿਆਲਾ ਦੇ ਨਵੇਂ ਡਿਪਟੀ ਕਮਿਸ਼ਨਰ ਵਜੋਂ ਅਹੁਦਾ ਸੰਭਾਲੇ ਜਾਣ ਮੌਕੇ ਐਸ.ਐਸ.ਪੀ. ਡਾ. ਨਾਨਕ ਸਿੰਘ, ਨਗਰ ਨਿਗਮ ਦੇ ਕਮਿਸ਼ਨਰ ਅਦਿੱਤਿਆ ਡੇਚਲਵਾਲ, ਪੀ.ਡੀ.ਏ. ਦੇ ਸੀ.ਏ. ਮਨੀਸ਼ਾ ਰਾਣਾ, ਏ.ਡੀ.ਸੀ. (ਜ) ਕੰਚਨ, ਏ.ਡੀ.ਸੀ. (ਦਿਹਾਤੀ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ, ਏ.ਐਸ.ਪੀ. (ਸਿਟੀ-1) ਵੈਭਵ ਚੌਧਰੀ, ਏ.ਡੀ.ਸੀ. (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ, ਪੀਡੀਏ ਦੇ ਏ.ਸੀ.ਏ. ਜਸ਼ਨਪ੍ਰੀਤ ਕੌਰ, ਐਸ.ਡੀ.ਐਮਜ ਅਰਵਿੰਦ ਕੁਮਾਰ, ਰਵਿੰਦਰ ਸਿੰਘ, ਤਰਸੇਮ ਚੰਦ ਤੇ ਰਿਚਾ ਗੋਇਲ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ, ਪੀਡੀਏ ਦੇ ਅਸਟੇਟ ਅਫ਼ਸਰ ਦੀਪਜੋਤ ਕੌਰ, ਡੀ.ਐਸ.ਪੀ. ਅੱਛਰੂ ਰਾਮ ਸਮੇਤ ਡੀ.ਸੀ. ਦਫ਼ਤਰ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਡਾ. ਪ੍ਰੀਤੀ ਯਾਦਵ ਦਾ ਨਿੱਘਾ ਸਵਾਗਤ ਕੀਤਾ।

# ਬਾਬਾ ਖੇਮ ਦਾਸ ਜੀ ਦੀ ਸਲਾਨਾ ਬਰਸੀ 16 ਸਤੰਬਰ ਨੂੰ ਵਿਵੇਕ ਆਸ਼ਰਮ ਜਲਾਲ ਵਿਖੇ

**ਆਜ਼ਾਦ ਸੋਚ**
**ਬਿੰਦਰ ਜਲਾਲ**
**ਭਗਤਾ ਭਾਈ , 13 ਸਤੰਬਰ**

ਸਥਾਨਕ ਸ਼ਹਿਰ ਦੇ ਨਜ਼ਦੀਕ ਪਿੰਡ ਜਲਾਲ ਵਿਖੇ ਬ੍ਰਹਮਲੀਨ ਸੰਤ ਬਾਬਾ ਕਰਨੈਲ ਦਾਸ ਜੀ ਦੇ ਅਸ਼ੀਰਵਾਦ ਨਾਲ ਮੌਜੂਦਾ ਗੱਦੀ ਨਸ਼ੀਨ ਸ਼੍ਰੀ ਮਾਨ ਸੁਆਮੀ ਬ੍ਰਹਮਮੁਨੀ ਜੀ ਜਲਾਲ ਵਾਲਿਆਂ ਦੀ ਰਹਿਨੁਮਾਈ ਹੇਠ ਅਤੇ ਸੰਸਥਾ ਦੇ ਮੁੱਖ ਪ੍ਰਬੰਧਕ ਸ੍ਰੀ ਮਾਨ ਬਾਬਾ ਗੰਗਾ ਰਾਮ ਜੀ ਦੇ ਯਤਨਾਂ ਸਦਕਾ 16 ਸਤੰਬਰ ਦਿਨ ਸੋਮਵਾਰ 1ਅੱਸੂ ਨੂੰ ਬ੍ਰਹਮਲੀਨ ਸ੍ਰੀਮਾਨ ਸੰਤ ਬਾਬਾ ਖੇਮ ਦਾਸ ਮਹਾਰਾਜ ਜੀ ਦੀ ਸਲਾਨਾ ਬਰਸੀ ਸੰਗਤਾ ਦੇ ਸਹਿਯੋਗ ਨਾਲ ਬੜੀ ਹੀ ਸ਼ਰਧਾ ਪੂਰਵਕ ਗੁਰਸਰ ਜਲਾਲ ਵਿਖੇ ਮਨਾਈ ਜਾ ਰਹੀ ਹੈ।ਇਸ ਮੌਕੇ ਸੰਤ ਬਾਬਾ ਗੰਗਾ ਰਾਮ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਹਾਨ ਵਿਦਵਾਨਾਂ ਦੇ ਕਥਾ ਕੀਰਤਨ ਅਤੇ ਪਰਵਚਣ ਹੋਣਗੇ। ਉਹਨਾਂ ਇਲਾਕੇ ਭਰ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਇਸ ਸ਼ੁੱਭ ਅਵਸਰ ਮੌਕੇ ਪਰਿਵਾਰ ਸਮੇਤ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲ ਬਣਾਉ।ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਪਿੰਡ ਮਾਈਸਰਖਾਨਾ ਵਿਚ ਮੁਫਤ ਅੱਖਾਂ ਦਾ ਜਾਂਚ ਅਤੇ ਓਪਰੇਸ਼ਨ ਕੈਂਪ



**ਆਜ਼ਾਦ ਸੋਚ**
**ਰਜਨੀਸ਼ ਕਰਕਰਾ/ਰਾਮਪੁਰਾ ਫੂਲ, 13 ਸਤੰਬਰ**

ਡਾ. ਐਸ.ਪੀ. ਸਿੰਘ ਉਬਰਾਏ ਮੈਨੇਜਿੰਗ ਟਰੱਸਟੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਪਟਿਆਲਾ ਦੀ ਗਤੀਸ਼ੀਲ ਅਗਵਾਈ ਹੇਠ ਕੌਮੀ ਪ੍ਰਧਾਨ ਸ. ਜੱਸਾ ਸਿੰਘ ਸੰਧੂ,ਡਾ. ਆਰ ਐਸ. ਅਟਵਾਲ ਅਤੇ ਡਾ. ਕੁਲਦੀਪ ਸਿੰਘ ਗਰੇਵਾਲ ਡਾਇਰੈਕਟਰ ਸਿਹਤ ਸੇਵਾਵਾਂ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅੱਜ ਅੱਖਾਂ ਦਾ 652 ਵਾਂ ਮੈਡੀਕਲ ਕੈਂਪ ਪਿੰਡ ਮਾਈਸਰਖਾਨਾ ਜਿਲ੍ਹਾ ਬਠਿੰਡਾ ਵਿਖੇ ਐਸ.ਪੀ. ਹਸਪਤਾਲ ਮੌੜ ਮੰਡੀ ਦੇ ਸਹਿਯੋਗ ਨਾਲ ਲਗਾਇਆ ਗਿਆ। ਡਾ. ਕੇ.ਪੀ.ਐਸ. ਗਿੱਲ, ਡਾ. ਪੰਪਾ ਅਤੇ ਡਾ. ਡਾਲੀਆ ਨੇ 367 ਮਰੀਜਾਂ ਦਾ ਚੈਕਅੱਪ ਕੀਤਾ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਮਰੀਜਾਂ ਨੂੰ ਦਵਾਈਆਂ ਅਤੇ ਐਨਕਾਂ ਮੁਫਤ ਦਿੱਤੀਆਂ ਗਈਆਂ ਅਤੇ 69 ਆਪਰੇਸ਼ਨ ਯੋਗ ਪਾਏ ਗਏ ਮਰੀਜਾਂ ਦਾ ਆਪਰੇਸ਼ਨ ਐਸ.ਪੀ. ਹਸਪਤਾਲ ਮੌੜ ਮੰਡੀ ਵਿਖੇ ਦਿਨ ਸ਼ਨੀਵਾਰ ਨੂੰ ਕੀਤਾ ਗਿਆ। ਇਸ ਕੈਂਪ ਵਿੱਚ ਮਾਈਸਰਖਾਨਾ ਤੋ ਇਲਾਵਾ ਭਾਈ ਬਖਤੌਰ ਯਾਤਰੀ, ਮਾੜੀ, ਘੁੰਮਣ, ਜੋਧਪੁਰ ਪਾਖਰ, ਘਸੋਖਾਨਾ, ਹਰਕਿਸ਼ਨ ਪੁਰਾ, ਨੰਦਗੜ੍ਹ ਕੋਲੜਾ, ਚਨਾਰਥਲਖਾਨਾ, ਮਾਨਕਖਾਨਾ, ਮੌੜ ਚੜ੍ਹਤ ਸਿੰਘ, ਰਾਮਨਗਰ ਦੇ ਮਰੀਜਾ ਨੇ ਲਾਹਾ ਲਿਆ ਮੌਕੇ ਜਾਣਕਾਰੀ ਦਿੰਦੇ ਹੋਏ ਜਿਲ੍ਹਾ ਪ੍ਰਧਾਨ ਪ੍ਰੋਫੈਸਰ ਜੇ.ਐਸ. ਬਰਾੜ ਨੇ ਦੱਸਿਆ ਕਿ ਟਰੱਸਟ ਵਲੋਂ ਲੋਕ ਭਲਾਈ ਦੇ ਕੰਮ ਜਿਵੇਂ ਕਿ ਲੋੜਵੰਦਾਂ ਨੂੰ ਮਹੀਨਾਵਾਰ ਪੈਨਸ਼ਨ, ਹਰ 15 ਦਿਨਾਂ ਬਾਅਦ ਮੈਡੀਕਲ ਕੈਂਪ, ਕੰਪਿਊਟਰ ਸੈਂਟਰ ਅਤੇ ਸਿਲਾਈ ਸੈਂਟਰ, ਲੋੜਵੰਦ ਮਰੀਜਾਂ ਦਾ ਡਾਇਲਸਿਸ ਅਤੇ ਸਰਕਾਰੀ ਸਕੂਲਾਂ ਵਿਚ ਮੁਫਤ ਬਲੱਡ ਗਰੁੱਪ ਅਤੇ ਸੰਨੀ ਉਬਰਾਏ ਕਲੀਨੀਕਲ ਲੈਬੋਰੇਟਰੀ ਦੀਆਂ ਬਠਿੰਡਾ, ਮੌੜ ਮੰਡੀ, ਤਲਵੰਡੀ ਸਾਬੋ, ਚਾਉਕੇ, ਬਾਲਿਆਂਵਾਲੀ ਅਤੇ ਮਹਿਰਾਜ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਬਠਿੰਡਾ ਇਕਾਈ ਦੇ ਜਨਰਲ ਸੈਕਟਰੀ ਅਮਰਜੀਤ ਸਿੰਘ , ਕੈਸ਼ਿਅਰ ਬਲਦੇਵ ਸਿੰਘ ਚਹਿਲ, ਸੋਮ ਪ੍ਰਕਾਸ਼, ਗੁਰਪਿਆਰ ਸਿੰਘ, ਹਰਦੀਪ ਸਿੰਘ ਸਰਪੰਚ ਝੁੰਬਾ ਅਤੇ ਪਿੰਡ ਮਾਈਸਖਾਨਾ ਤੋਂ ਜਰਨੈਲ ਸਿੰਘ, ਰਣਜੀਤ ਸਿੰਘ ਅਤੇ ਸਮੁੱਚੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਹਾਜਰ ਸਨ। ਇਸ ਕੈਂਪ ਵਿੱਚ ਸਮੁੱਚੇ ਨਗਰ ਨਿਵਾਸੀਆਂ ਦਾ ਸੰਪੂਰਨ ਸਹਿਯੋਗ ਹੈ।

# ਕਲੱਸਟਰ ਭਲਿਆਣ ਦੀਆਂ ਪ੍ਰਾਇਮਰੀ ਸਕੂਲ ਖੇਡਾਂ ਸ਼ਾਨੋ-ਸ਼ੌਕਤ ਨਾਲ ਸਮਾਪਤ

**ਆਜ਼ਾਦ ਸੋਚ**
**ਰਾਜਿੰਦਰ**
**ਸ੍ਰੀ ਚਮਕੌਰ ਸਾਹਿਬ,13 ਸਤੰਬਰ**

ਕਲੱਸਟਰ ਭਲਿਆਣ ਦੀਆਂ ਪ੍ਰਾਇਮਰੀ ਸਕੂਲ ਖੇਡਾਂ ਕਲੱਸਟਰ ਭਲਿਆਣ ਵਿਖੇ ਸੈਂਟਰ ਇੰਚਾਰਜ ਮੈਡਮ ਕਮਲਜੀਤ ਕੌਰ ਦੀ ਸੁਯੋਗ ਅਗਵਾਈ ਅਤੇ ਸਕੂਲ ਅਧਿਆਪਕ ਐਮ ਪੀ ਸਿੰਘ ਦੀ ਨਿਗਰਾਨੀ ਹੇਠ ਸੰਪੰਨ ਹੋਈਆਂ। ਇਸ ਬਾਰੇ ਗੱਲਬਾਤ ਕਰਦਿਆਂ ਸਕੂਲ ਅਧਿਆਪਕ ਐਮ ਪੀ ਸਿੰਘ ਨੇ ਦੱਸਿਆ ਕਿ ਪ੍ਰਾਇਮਰੀ ਸਕੂਲ ਵਿਦਿਆਰਥੀਆਂ ਦੀਆਂ ਇਨ੍ਹਾਂ ਸੈਂਟਰ ਪੱਧਰੀ ਖੇਡਾਂ ਦਾ ਉਦਘਾਟਨ ਮੈਡਮ ਸੁਰਿੰਦਰ ਕੌਰ (ਰਿਟਾ. ਸੈਂਟਰ ਹੈੱਡ ਟੀਚਰ) ਨੇ ਕੀਤਾ। ਜ਼ਿਕਰਯੋਗ ਹੈ ਕਿ ਇਨ੍ਹਾਂ ਖੇਡਾਂ ਲਈ ਵਿੱਤੀ ਸਹਾਇਤਾ ਵੀ ਕੀਤੀ। ਇਨ੍ਹਾਂ ਖੇਡਾਂ ਦੌਰਾਨ ਦੋ ਦਿਨਾਂ ਲਈ ਕਰਵਾਏ ਗਏ ਵੱਖ-ਵੱਖ ਮੁਕਾਬਲਿਆਂ ਵਿੱਚ ਭਲਿਆਣ ਸਕੂਲ ਦੇ ਵਿਦਿਆਰਥੀ ਛਾਏ ਰਹੇ। ਜਿਨ੍ਹਾਂ ਨੇ ਪੰਦਰਾਂ ਫਸਟ, ਦੋ ਸੈਕਿੰਡ ਅਤੇ ਦੋ ਥਰਡ ਪੁਜੀਸ਼ਨਾਂ ਪ੍ਰਾਪਤ ਕੀਤੀਆਂ। ਇਨ੍ਹਾਂ ਵਿਚੋਂ 100ਮੀਟਰ (ਲੜਕੇ) ਦੌੜਾ ਵਿੱਚ ਗੁਰਜੋਤ ਸਿੰਘ ਭਲਿਆਣ, ਗੁਰਕੀਰਤ ਜਗਤਪੁਰ, ਅਰਸ਼ਪ੍ਰੀਤ ਬਾਮਾ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹੇ। ਇਸੇ ਤਰ੍ਹਾਂ 100ਮੀਟਰ (ਲੜਕੀਆਂ) ਵਿੱਚ ਛੋਟੀ ਭਲਿਆਣ, ਅਮਨਪ੍ਰੀਤ ਬਾਮਾ, ਜੀਵਨਜੋਤ ਸ਼ੇਖੂਪੁਰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹੇ। ਇਸੇ ਤਰ੍ਹਾਂ 200ਮੀਟਰ (ਲੜਕੇ) ਵਿੱਚ ਗੁਰਜੋਤ ਭਲਿਆਣ, ਗੁਰਕੀਰਤ ਜਗਤਪੁਰ,ਹਰਜੋਤ ਅਸਰਪੁਰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹੇ। ਇਸੇ ਤਰ੍ਹਾਂ 200ਮੀਟਰ (ਲੜਕੀਆਂ) ਵਿੱਚ ਛੋਟੀ ਭਲਿਆਣ, ਅਮਨਪ੍ਰੀਤ ਬਾਮਾ, ਰਮਜ਼ਾਨ ਸ਼ੇਖੂਪੁਰ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹੇ। ਇਸੇ ਤਰ੍ਹਾਂ ਕਬੱਡੀ (ਲੜਕੇ) ਭਲਿਆਣ ਫਸਟ, ਬਾਮਾ ਸਕੂਲ ਦੂਜੇ ਅਤੇ ਕਬੱਡੀ (ਲੜਕੀਆਂ) ਸ਼ੇਖੂਪੁਰ ਪਹਿਲੇ, ਭਲਿਆਣ ਦੂਜੇ, ਰੱਸਾਕਸ਼ੀ ਭਲਿਆਣ ਪਹਿਲੇ, ਸ਼ੇਖੂਪੁਰ ਦੂਜੇ, ਕੁਸ਼ਤੀ 25ਕਿਲੋ ਵਿੱਚ ਪਰਮਜੋਤ ਸਿੰਘ, ਅਭਿਜੋਤ ਸਿੰਘ, 28ਕਿਲੋ ਵਿੱਚ ਰੌਸ਼ਨ ਕੁਮਾਰ, ਅਸਮਾਨ ਗੜ੍ਹੀ, 30ਕਿਲੋ ਵਿੱਚ ਅਮਿਤ ਕੁਮਾਰ, ਮੁਹੰਮਦ ਅਸਮਾਨ ਕ੍ਰਮ ਅਨੁਸਾਰ ਰਹੇ। ਇਨ੍ਹਾਂ ਖੇਡ ਮੁਕਾਬਲਿਆਂ ਨੂੰ ਸਫਲ ਬਣਾਉਣ ਵਿੱਚ ਅਧਿਆਪਕ ਚੇਅਰਮੈਨ ਗੁਰਪ੍ਰੀਤ ਸਿੰਘ, ਇੰਦਰਜੀਤ ਸਿੰਘ ਸਰਪੰਚ, ਕੁਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਸਾਰਿਕਾ ਮੈਡਮ, ਗੁਰਪ੍ਰੀਤ ਸਿੰਘ ਅਸਰਪੁਰ, ਪ੍ਰਿਤਪਾਲ ਕੌਰ, ਅਨੂਪਾਲ, ਮਨਜੀਤ ਕੌਰ, ਸ਼ਿਖਾ ਮੈਡਮ, ਸੁਰਿੰਦਰ ਕੌਰ, ਬਲਜਿੰਦਰ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ।



# ਜੰਮੂ ਕਸ਼ਮੀਰ: ਕਿਸ਼ਤਵਾੜ 'ਚ ਦਹਿਸ਼ਤਗਰਦਾਂ ਨਾਲ ਮੁਕਾਬਲੇ ਦੌਰਾਨ ਚਾਰ ਜਵਾਨ ਜ਼ਖ਼ਮੀ



ਜੰਮੂ, 13 ਸਤੰਬਰ (ਆਜ਼ਾਦ ਸੋਚ ਬਿਊਰੋ) : ਜੰਮੂ ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ 'ਚ ਤਲਾਸ਼ੀ ਮੁਹਿੰਮ ਦੌਰਾਨ ਦਹਿਸ਼ਤਗਰਦਾਂ ਨਾਲ ਹੋਏ ਮੁਕਾਬਲੇ 'ਚ ਫੌਜ ਦੇ ਚਾਰ ਜਵਾਨ ਜ਼ਖ਼ਮੀ ਹੋ ਗਏ। ਸੁਰੱਖਿਆ ਬਲਾਂ ਨੇ ਦਹਿਸ਼ਤਗਰਦਾਂ ਦੀ ਸੂਹ ਮਿਲਣ 'ਤੇ ਛੱਤਰੂ ਪੱਟੀ ਦੇ ਨਾਇਦਗਾਮ ਇਲਾਕੇ 'ਚ ਘੇਰਾ ਪਾ ਕੇ ਤਲਾਸ਼ੀ ਮੁਹਿੰਮ ਚਲਾਈ ਸੀ। ਜੰਗਲੀ ਇਲਾਕੇ 'ਚ ਲੁਕੇ ਦਹਿਸ਼ਤਗਰਦਾਂ ਨੇ ਸੁਰੱਖਿਆ ਬਲਾਂ 'ਤੇ ਅਚਾਨਕ ਗੋਲੀਆਂ ਚਲਾ ਦਿੱਤੀਆਂ। ਗੋਲੀਬਾਰੀ ਦੌਰਾਨ ਫੌਜ ਦੇ ਚਾਰ ਜਵਾਨ ਜ਼ਖ਼ਮੀ ਹੋ ਗਏ। ਫੌਜ ਨੇ ਕਿਹਾ ਕਿ ਖ਼ੁਫ਼ੀਆ ਸੂਹ ਮਿਲਣ 'ਤੇ ਛੱਤਰੂ ਇਲਾਕੇ 'ਚ ਪੁਲੀਸ ਨਾਲ ਮਿਲ ਕੇ ਸਾਂਝੀ ਮੁਹਿੰਮ ਚਲਾਈ ਗਈ ਸੀ।

# ਮੁਫਤ ਕਾਨੂੰਨੀ ਸੇਵਾਵਾਂ ਲਈ ਟੋਲ ਫਰੀ ਨੰਬਰ 15100 ਤੇ ਕੀਤਾ ਜਾ ਸਕਦਾ ਹੈ ਰਾਬਤਾ : ਸਕੱਤਰ, ਜਿਲਾਂ ਕਾਨੂੰਨੀ ਸੇਵਾਵਾ ਅਥਾਰਟੀ

## 14 ਸਤੰਬਰ ਨੂੰ ਲੱਗੇਗੀ ਨੈਸ਼ਨਲ ਲੋਕ ਅਦਾਲਤ

**ਆਜ਼ਾਦ ਸੋਚ**
**ਤਰੁਣ ਮਹਿਰਾ**
**ਅੰਮ੍ਰਿਤਸਰ 13 ਸਤੰਬਰ**

ਮਾਨਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਮਾਨਯੋਗ ਜਿਲ੍ਹਾ ਅਤੇ ਸ਼ੈਸਨ ਜੱਜ ਸ਼੍ਰੀ ਅਮਰਿੰਦਰ ਸਿੰਘ ਗਰੇਵਾਲ ਦੀਆਂ ਹਦਾਇਤਾ ਅਨੁਸਾਰ ਮੁਫਤ ਕਾਨੂੰਨੀ ਸੇਵਾਵਾਂ ਦੇ ਟੋਲ ਫਰੀ ਨੰਬਰ 15100 ਬਾਰੇ ਜਾਗਰੂਕ ਕਰਨ ਲਈ ਜਿਲਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਵੱਲੋਂ ਜਾਗਰੁਕਤਾ ਮੁਹਿੰਮ ਦੀ ਸ਼ੁਰੁਆਤ ਕੀਤੀ ਗਈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ: ਅਮਰਦੀਪ ਸਿੰਘ ਬੈਂਸ, ਚੀਫ ਜੂਡੀਸ਼ਿਅਲ ਮੈਜਿਸਟਰੇਟ-ਕਮ-ਸਕੱਤਰ, ਜਿਲਾ ਕਾਨੂੰਨੀ ਸੇਵਾਵਾਂ ਅਥਾਰਿਟੀ ਨੇ ਦੱਸਿਆ ਕਿ ਜਿਸ ਕਿਸੇ ਨੂੰ ਵੀ ਮੁਫਤ ਕਾਨੂੰਨੀ ਸਹਾਇਤਾ ਦੀ ਲੋੜ ਹੋਵੇ ਉਹ ਇਸ ਟੋਲ ਫਰੀ ਨੰਬਰ 15100 ਤੇ ਕਾਲ ਕਰਕੇ ਮੁਫਤ ਸਹਾਇਤਾ ਪ੍ਰਾਪਤ ਕਰ ਸਕਦਾ ਹੈ। ਇਸ ਦੌਰਾਨ ਜੱਜ ਸਾਹਿਬ ਵੱਲੋਂ ਕੌਣ ਕੌਣ ਮੁਫਤ ਕਾਨੂੰਨੀ ਸੇਵਾਵਾਂ ਦੇ ਹੱਕਦਾਰ ਹਨ, ਇਸ ਪ੍ਰਤੀ ਵੀ ਜਾਣਕਾਰੀ ਦਿੱਤੀ ਗਈ ਕਿ ਔਰਤਾ, ਬੱਚਿਆ, ਹਵਾਲਾਤੀਆਂ, ਕੇਦੀਆਂ ਅਤੇ ਹਰੇਕ ਉਹ ਵਿਅਕਤੀ ਜਿਸਦੀ ਸਲਾਨਾ ਆਮਦਨ 3 ਲੱਖ ਤੋਂ ਘੱਟ ਹੋਵੇ ਆਦਿ ਨੂੰ ਮੁਫਤ ਕਾਨੂੰਨੀ ਸੇਵਾਵਾਂ ਵੀ ਪ੍ਰਦਾਨ ਕੀਤੀਆ ਜਾਂਦੀਆ ਹਨ।

ਉਨਾਂ ਨੇ ਦੱਸਿਆ ਕਿ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੁਆਰਾ ਵੱਖ ਵੱਖ ਪਿੰਡਾ ਵਿੱਚ ਕੇਂਦਰ ਸਰਕਾਰ, ਰਾਜ ਸਰਕਾਰ, ਜਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਵਲੋ ਲੋਕ ਹਿੱਤ ਵਾਸਤੇ ਚਲਾਈਆ ਜਾ ਰਹੀਆ ਸਕੀਮਾਂ ਪ੍ਰਤੀ ਜਾਗਰੁਕਤਾ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਸੈਮੀਨਾਰ ਵਿਚ ਵਕੀਲਾਂ, ਸੋਸ਼ਲ ਵਰਕਰਾਂ ਵੱਲੋ ਭਾਗ ਲਿੱਤਾ ਜਾ ਰਿਹਾ ਹੈ।




ਸਕੱਤਰ, ਜਿਲਾ ਕਾਨੂੰਨੀ ਸੇਵਾਵਾਂ ਅਥਾਰਿਟੀ ਨੇ ਅੰਮ੍ਰਿਤਸਰ ਵਾਸੀਆਂ ਨੂੰ ਦੱਸਿਆ ਕਿ ਇਸ ਵਾਰ ਨੇਸ਼ਨਲ ਲੋਕ ਅਦਾਲਤ ਮਿਤੀ 14-09-2024 ਦਿਨ ਸ਼ਨੀਵਾਰ ਨੂੰ ਲਗਣ ਜਾ ਰਹੀ ਹੈ।ਜਿਸ ਵਿੱਚ ਪਰਿਵਾਰਕ ਕੇਸਾਂ (ਜਿਵੇ ਕੀ ਪਤੀ-ਪਤਨੀ ਦੇ ਆਪਸੀ ਝਗੜੇ), ਚੇਕ ਬਾਊ ?ਸ ਦੇ ਕੇਸ, ਬੈਂਕਾ ਦੇ ਕੇਸ, ਫਾਈਨਾਂਸ ਕੰਪਨੀਆਂ-ਬੀਮਾ ਕੰਪਨੀਆਂ, ਮੋਟਰ ਦੁਰਘਟਨਾ, ਜਮੀਨੀ ਵਿਵਾਦ, ਬਿਜਲੀ ਅਤੇ ਪਾਣੀ ਦੇ ਬਿਲਾ ਦੀਆਂ ਕਿਸਮਾਂ ਦੇ ਕੇਸ ਲਗਾਏ ਜਾ ਸਕਦੇ ਹਨ।ਲੋਕ ਅਦਾਲਤ ਦਾ ਮੁੱਖ ਮਨੋਰਥ ਸਮਝੌਤੇ/ ਰਾਜੀਨਾਮੇ ਰਾਹੀਂ ਅਦਾਲਤੀ ਕੇਸਾਂ ਦਾ ਫੇਸਲਾ ਕਰਵਾਉਣਾ ਹੈ ਤਾਂ ਜੋ ਦੋਹਾਂ ਧਿਰਾਂ ਦਾ ਧਨ ਅਤੇ ਸਮਾਂ ਬਚਾਉਣ ਦੇ ਨਾਲ-ਨਾਲ ਉਹਨਾ ਦੀ ਆਪਸੀ ਦੁਸ਼ਮਣੀ ਘਟਾਈ ਜਾ ਸਕੇ।ਗੰਭੀਰ ਕਿਸਮ ਦੇ ਫੌਜ਼ਦਾਰੀ ਕੇਸਾਂ ਨੂੰ ਛੱਡ ਦੇ ਹਰ ਤਰ੍ਹਾਂ ਦੇ ਕੇਸ ਜੋ ਵੱਖ ਵੱਖ ਅਦਾਲਤਾਂ ਵਿੱਚ ਲੰਭੀਤ ਪਏ ਹੋਣ, ਲੋਕ ਅਦਾਲਤਾਂ ਵਿੱਚ ਫੈਸਲੇ ਲਈ ਸ਼ਾਮਿਲ ਕੀਤੇ ਜਾਂਦੇ ਹਨ।ਲੋਕ ਅਦਾਲਤ ਵਿੱਚ ਕੇਸ ਲਗਾਉਣ ਦੇ ਚਾਹਵਾਨ ਵਿਅਕਤੀ ਜੇਕਰ ਕੇਸ ਅਦਾਲਤ ਵਿੱਚ ਲੰਭੀਤ ਹੈ ਤਾਂ ਸਬੰਧਤ ਅਦਾਲਤ ਦੇ ਜੱਜ ਸਾਹਿਬਾਨ ਨੂੰ ਅਤੇ ਜੇਕਰ ਝਗੜਾ ਅਦਾਲਤ ਵਿੱਚ ਲੰਭਿਤ ਨਾ ਹੋਵੇ ਤਾਂ ਮਾਣਯੋਗ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਲਿਖਤੀ ਦਰਖਾਸਤ ਰਾਹੀਂ ਬੇਨਤੀ ਕਰ ਸਕਦੇ ਹਨ।